



ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਸ਼ੁੱਕਰਵਾਰ, 4 ਅਗਸਤ 2023 ਮੁੱਖ ਸੰਪਾਦਕ - ਅਮਨ ਮਹਿਰਾ (ਜਲੰਧਰ)






R.N.I. Punpun/29016/2008 ✫ ਸਾਲ : 15 ✫ ਅੰਕ : 148 ✫ ਮੁੱਲ : 5.00 ਰੁਪਏ ✫ ਕੁੱਲ ਪੇਜ : 10 ✫ ਫੈਕਸ : 0181-2211009 ✫ M. 99155-94111




JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
82880 21797
82880 21798
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ
ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ
JSDC GROUP - INDIA


## 10 ਕਰੋੜ ਦੀ ਹੈਰੋਇਨ, 2 ਪਿਸਟਲ

# 45 ਜ਼ਿੰਦਾ ਕਾਰਤੂਸਾਂ ਸਮੇਤ 3 ਗ੍ਰਿਫ਼ਤਾਰ

• ਜੰਡਿਆਲਾ ਗੁਰੂ

ਥਾਣਾ ਘਰਿੰਡਾ ਪੁਲਸ ਵਲੋਂ 575 ਗ੍ਰਾਮ ਹੈਰੋਇਨ, 2 ਪਿਸਟਲ 32 ਬੋਰ, 45 ਜ਼ਿੰਦਾ ਰੌਂਦ ਸਮੇਤ 2 ਕਾਬੂ ਕੀਤਾ ਗਿਆ ਹੈ, ਜਦਕਿ ਉੱਧਰ ਜੰਡਿਆਲਾ ਗੁਰੂ ਵਿਖੇ ਵੀ ਪੁਲਸ ਨੇ ਨਾਕਾਬੰਦੀ ਦੌਰਾਨ 500 ਗ੍ਰਾਮ ਹੈਰੋਇਨ, 95 ਹਜ਼ਾਰ ਦੀ ਡਰੱਗ ਮਨੀ ਅਤੇ ਇਕ ਕਾਰ ਸਮੇਤ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ 10 ਕਰੋੜ ਬਣਦੀ ਹੈ।ਡੀ. ਐੱਸ. ਪੀ. ਅਟਾਰੀ ਪ੍ਰਵੇਸ਼ ਚੋਪੜਾ ਦੀ ਨਿਗਰਾਨੀ ਹੇਠ ਸ਼ੀਤਲ ਸਿੰਘ ਡੀ.ਐੱਸ. ਪੀ./ਮੁੱਖ ਅਫ਼ਸਰ ਥਾਣਾ ਘਰਿੰਡਾ ਨੂੰ ਮਿਲੀ ਸੂਚਨਾ ਦੇ ਤਹਿਤ ਇਕ ਵੈਂਟੋ ਕਾਰ ਰੰਗ ਸਿਲਵਰ ਗਰੇਅ ਨੰਬਰੀ ਪੀ. ਬੀ. 02 ਬੀ. ਕਿਊ. 0179 ਜਿਸ ਵਿਚ ਤਿੰਨ ਨੌਜਵਾਨ ਸਵਾਰ ਸਨ, ਸ਼ੱਕੀ ਹਾਲਤ ਵਿਚ ਘੁੰਮ ਰਹੀ ਹੈ, ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਮੁੱਖ ਅਫ਼ਸਰ ਥਾਣਾ ਘਰਿੰਡਾ ਨੇ ਆਪਣੀ ਨਾਕਾ ਪਾਰਟੀ ਨੂੰ ਜੀ.ਟੀ.ਰੋਡ ਖਾਸਾ ਵਿਖੇ ਨਾਕਾ ਲਗਾ ਕੇ ਗੱਡੀਆਂ ਦੀ ਚੈਕਿੰਗ ਸ਼ੁਰੂ ਕਰ ਦਿੱਤੀ। ਚੈਕਿੰਗ ਦੌਰਾਨ ਉਕਤ ਸ਼ੱਕੀ ਗੱਡੀ ਜਿਸ ਵਿਚ ਤਿੰਨ ਨੌਜਵਾਨ ਸਵਾਰ ਸਨ, ਆਉਂਦੀ ਦਿਖਾਈ ਦਿੱਤੀ। ਜਦੋਂ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਗੱਡੀ ਦਾ ਡਰਾਈਵਰ ਪੁਲਸ ਨੂੰ ਚਕਮਾ ਦੇ ਕੇ ਮੌਕੇ ਤੋਂ ਭੱਜ ਗਿਆ ਪਰ ਮੁੱਖ ਅਫ਼ਸਰ ਥਾਣਾ ਘਰਿੰਡਾ ਵੱਲੋਂ ਨਾਕਾ ਪਾਰਟੀ ਦੀ ਮਦਦ ਨਾਲ ਡਰਾਈਵਰ ਵਾਲੀ ਸੀਟ ਦੇ ਨਾਲ ਵਾਲੀ ਸੀਟ 'ਤੇ ਬੈਠੇ ਨੌਜਵਾਨ ਅਤੇ ਪਿਛਲੀ ਸੀਟ 'ਤੇ ਬੈਠੇ ਨੌਜਵਾਨ ਨੂੰ ਕਾਬੂ ਕਰ ਲਿਆ।ਕਾਬੂ ਕੀਤੇ ਨੌਜਵਾਨ ਦੀ ਪਛਾਣ ਗੁਰਭੇਜ ਸਿੰਘ ਉਰਫ ਸਾਜਨ ਪੁੱਤਰ ਰਣਜੀਤ ਸਿੰਘ ਵਾਸੀ ਗਲੀ ਨੰ. 5, ਮਕਾਨ ਨੰ. 2355 ਅਰਜਨ ਨਗਰ ਭੱਠਾ ਛੇਹਾਰਟਾ ਅੰਮ੍ਰਿਤਸਰ ਵਜੋਂ ਹੋਈ। ਤਲਾਸ਼ੀ ਦੌਰਾਨ ਉਸ ਕੋਲੋਂ 310 ਗ੍ਰਾਮ ਹੈਰੋਇਨ ਅਤੇ ਇਕ 32 ਬੋਰ ਪਿਸਟਲ ਤੇ 6 ਜ਼ਿੰਦਾ ਰੌਂਦ ਬਰਾਮਦ ਹੋਏ ਅਤੇ ਪਿਛਲੀ ਸੀਟ 'ਤੇ ਬੈਠੇ ਨੌਜਵਾਨ ਦੀ ਪਛਾਣ ਧਰਮਿੰਦਰ ਸਿੰਘ ਪੁੱਤਰ ਧੀਰ ਸਿੰਘ ਵਾਸੀ ਗਲੀ ਨੰ. 2 ਨਰੈਣਗੜ੍ਹ, ਛੇਹਾਰਟਾ ਵਜੋਂ ਹੋਈ। ਉਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 265 ਗ੍ਰਾਮ ਹੈਰੋਇਨ ਅਤੇ ਇਕ 32 ਬੋਰ ਪਿਸਟਲ ਤੇ 4 ਜ਼ਿੰਦਾ ਰੌਂਦ ਬਰਾਮਦ ਹੋਏ ਅਤੇ ਗੱਡੀ ਦੀ ਤਲਾਸ਼ੀ ਲੈਣ 'ਤੇ ਗੱਡੀ ਵਿੱਚੋਂ 35 ਜ਼ਿੰਦਾ ਰੌਂਦ 32 ਬੋਰ ਅਤੇ 1.5 ਲੱਖ ਰੁਪਏ ਡਰੱਗ ਮਨੀ ਬਰਾਮਦ ਹੋਈ। ਜਦੋਂਕਿ ਉਕਤ ਕਾਬੂ ਨੌਜਵਾਨ ਭੱਜਣ ਵਿਚ ਕਾਮਯਾਬ ਹੋ ਗਏ।



# ਮੋਟਰਸਾਈਕਲ ਰੇਹੜੀ ਤੇ ਛੋਟੇ ਹਾਥੀ ਦਰਮਿਆਨ ਵਾਪਰਿਆ ਭਿਆਨਕ ਹਾਦਸਾ, ਨੌਜਵਾਨ ਦੀ ਮੌਤ

• ਭਵਾਨੀਗੜ੍ਹ


ਸਥਾਨਕ ਸ਼ਹਿਰ ਤੋਂ ਨਾਭਾ ਨੂੰ ਜਾਂਦੀ ਅਤਿ ਖਸਤਾ ਹਾਲਤ ਮੁੱਖ ਸੜਕ 'ਤੇ ਅੱਜ ਸਵੇਰੇ ਇਕ ਮੋਟਰਸਾਈਕਲ ਰੇਹੜੀ ਨੂੰ ਇਕ ਛੋਟੇ ਹਾਥੀ ਵੱਲੋਂ ਫੇਟ ਮਾਰ ਦੇਣ ਕਾਰਨ ਹੋਏ ਹਾਦਸੇ 'ਚ ਮੋਟਰਸਾਈਕਲ ਰੇਹੜੀ 'ਤੇ ਸਵਾਰ ਇਕ ਨੌਜਵਾਨ ਦੀ ਮੌਤ ਹੋ ਜਾਣ ਤੇ ਇਕ ਦੇ ਗੰਭੀਰ ਰੂਪ 'ਚ ਜ਼ਖ਼ਮੀ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਥਾਣੇ ਦੇ ਸਹਾਇਕ ਸਬ-ਇੰਸਪੈਕਟਰ ਦਵਿੰਦਰ ਦਾਸ ਨੇ ਦੱਸਿਆਂ ਕਿ ਸ਼ਬਜੀ ਦਾ ਕੰਮਕਾਰ ਕਰਦੇ ਬਿੱਟੂ ਸਿੰਘ ਉਮਰ ਤਕਰੀਬਨ 24 ਸਾਲ ਪੁੱਤਰ ਰੂਪ ਸਿੰਘ ਤੇ ਬਨੀ ਉਰਫ਼ ਕਾਲੀ ਪੁੱਤਰ ਬਲਜੀਤ ਸਿੰਘ ਵਾਸੀਅਨ ਗਾਂਧੀਨਗਰ ਭਵਾਨੀਗੜ੍ਹ ਅੱਜ ਸਵੇਰੇ ਜਦੋਂ ਸਬਜ਼ੀ ਲੈਣ ਲਈ ਆਪਣੀ ਮੋਟਰਸਾਈਕਲ ਰੇਹੜੀ ਰਾਹੀਂ ਨਾਭਾ ਨੂੰ ਜਾ ਰਹੇ ਸਨ ਤਾਂ ਰਸਤੇ 'ਚ ਮਾਝੀ ਵਾਲੇ ਟੋਲ ਪਲਾਜ਼ੇ ਤੋਂ ਅੱਗੇ ਸਾਹਮਣੇ ਤੋਂ ਆਉਂਦੇ ਇਕ ਸਵਾਰੀਆਂ ਵਾਲੇ ਛੋਟੇ ਹਾਥੀ ਟੈਂਪੂ ਦੀ ਇਨ੍ਹਾਂ ਦੀ ਰਹੇੜੀ ਨਾਲ ਟੱਕਰ ਹੋ ਗਈ ਤੇ ਇਸ ਹਾਦਸੇ 'ਚ ਦੋਵੇਂ ਹੀ ਨੌਜਵਾਨ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਏ।ਇਨ੍ਹਾਂ ਦੋਵਾਂ ਨੂੰ ਇਲਾਜ ਲਈ ਸਥਾਨਕ ਸਰਕਾਰੀ ਹਸਪਤਾਲ ਵਿਖੇ ਲਿਆਂਦਾ ਗਿਆ। ਜਿਥੋਂ ਡਾਕਟਰਾਂ ਨੇ ਇਨ੍ਹਾਂ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਮੁੱਢਲੀ ਸਹਾਇਤਾ ਦੇਣ ਉਪਰੰਤ ਪਟਿਆਲਾ ਵਿਖੇ ਰੈਫ਼ਰ ਕਰ ਦਿੱਤਾ ਤੇ ਰਸਤੇ 'ਚ ਜਾਂਦੇ ਸਮੇਂ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਬਿੱਟੂ ਸਿੰਘ ਨੇ ਦਮ ਤੋੜ ਦਿੱਤਾ, ਜਦਕਿ ਬਨੀ ਉਰਫ਼ ਕਾਲੀ ਪਟਿਆਲਾ ਦੇ ਰਾਜਿੰਦਰ ਹਸਪਤਾਲ ਵਿਖੇ ਜ਼ੇਰੇ ਇਲਾਜ ਹੈ। ਇਸ ਸਬੰਧੀ ਪੁਲਸ ਨੇ ਛੋਟੇ ਹਾਥੀ ਦੇ ਨਾਮਾਲੂਮ ਚਾਲਕ ਵਿਰੁੱਧ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।ਇਥੇ ਇਹ ਖ਼ਾਸ ਜ਼ਿਕਰਯੋਗ ਇਹ ਹੈ ਕਿ ਸਥਾਨਕ ਸ਼ਹਿਰ ਤੋਂ ਨਾਭੇ ਨੂੰ ਜਾਂਦੀ ਸੜਕ ਦੀ ਹਾਲਤ ਬਹੁਤ ਹੀ ਜ਼ਿਆਦਾ ਖ਼ਸਤਾ ਹੋਣ ਕਾਰਨ ਇਥੇ ਰੋਜ਼ਾਨਾ ਹੀ ਛੋਟੇ-ਵੱਡੇ ਸੜਕ ਹਾਦਸੇ ਹੋਣ ਕਾਰਨ ਹੁਣ ਤੱਕ ਕਈ ਵਿਅਕਤੀ ਆਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ।





# ਲੋਕ ਸਭਾ ਤੋਂ ਸਸਪੈਂਡ ਕੀਤੇ ਜਾਣ ਮਗਰੋਂ ਸੰਸਦ ਮੈਂਬਰ ਸੁਸ਼ੀਲ ਰਿੰਕੂ ਦਾ ਪਹਿਲਾ ਬਿਆਨ

**ਜਲੰਧਰ :** ਲੋਕ ਸਭਾ ਦੇ ਮਾਨਸੂਨ ਸੈਸ਼ਨ ਤੋਂ ਸਸਪੈਂਡ ਕੀਤੇ ਜਾਣ ਮਗਰੋਂ ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਸੁਸ਼ੀਲ ਰਿੰਕੂ ਨੇ ਕਿਹਾ ਕਿ ਉਨ੍ਹਾਂ ਵਿਰੁੱਧ ਇਹ ਕਾਰਵਾਈ ਲੋਕਾਂ ਦੀ ਆਵਾਜ਼ ਬੁਲੰਦ ਕਰਦਿਆਂ ਹੋਈ ਹੈ, ਇਸ ਲਈ ਉਨ੍ਹਾਂ ਨੂੰ ਇਸ ਦਾ ਕੋਈ ਅਫ਼ਸੋਸ ਨਹੀਂ ਹੈ।ਸੰਵਿਧਾਨ ਟੁੱਟ ਰਿਹਾ ਹੈ, ਦੇਸ਼ ਦਾ ਸੰਘੀ ਢਾਂਚਾ ਖਤਰੇ 'ਚ ਹੈ, ਕੇਂਦਰ ਸਰਕਾਰ ਨੇ ਇਸ ਦੀ ਸ਼ੁਰੂਆਤ ਦਿੱਲੀ ਤੋਂ ਕੀਤੀ ਹੈ ।ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਤੇ ਸਰਕਾਰ ਦੀ ਤਾਕਤਾਂ ਘੱਟ ਕਰ ਕੇ ਬਿਨਾ ਚੁਣੇ ਲੋਕਾਂ (ਬਿਊਰੋਕ੍ਰੈਟਸ) ਦੇ ਹੱਥ ਵਿਚ ਸ਼ਾਸਨ ਦੇਣਾ ਸੰਘੀ ਢਾਂਚੇ ਤੇ ਸੰਵਿਧਾਨ ਦਾ ਅਪਮਾਨ ਹੈ। ਰਿੰਕੂ ਨੇ ਕਿਹਾ ਕਿ ਲੋਕਾਂ ਦੀ ਆਵਾਜ਼ ਬੁਲੰਦ ਕਰਦਿਆਂ, ਲੋਕਤੰਤਰ ਦੀ ਰੱਖਿਆ ਕਰਦਿਆਂ ਹੋਇਆ ਹੈ, ਇਸ ਲਈ ਮੈਨੂੰ ਇਸ ਦਾ ਕੋਈ ਅਫ਼ਸੋਸ ਨਹੀਂ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਪੁਲਸ, ਵਿਜੀਲੈਂਸ ਤੇ ਹੋਰ ਏਜੰਸੀਆਂ ਇਨ੍ਹਾਂ ਦੇ ਹੱਥ ਵਿਚ ਹੈ, ਇਹ ਕੁਝ ਵੀ ਕਰ ਸਕਦੇ ਹਨ। ਪਰ ਇਹ ਫ਼ੈਸਲਾ ਅਦਾਲਤ ਕਰੇਗੀ ਕਿ ਕੌਣ ਭ੍ਰਿਸ਼ਟ ਹੈ ਤੇ ਕੌਣ ਨਹੀਂ।



# ਪਾਕਿਸਤਾਨ 'ਚ ਜ਼ਮੀਨੀ ਵਿਵਾਦ ਨੂੰ ਲੈ ਕੇ ਦੋ ਗੁੱਟਾਂ ਵਿਚਾਲੇ ਹੋਈ ਝੜਪ

## *ਗੋਲੀਬਾਰੀ 4 ਲੋਕਾਂ ਦੀ ਮੌਤ*

• ਇਸਲਾਮਾਬਾਦ


ਪਾਕਿਸਤਾਨ ਦੇ ਦੱਖਣ-ਪੱਛਮੀ ਬਲੋਚਿਸਤਾਨ ਸੂਬੇ ਵਿਚ 2 ਗੁੱਟਾਂ ਵਿਚਾਲੇ ਹੋਈ ਗੋਲੀਬਾਰੀ ਵਿਚ 4 ਲੋਕਾਂ ਦੀ ਮੌਤ ਹੋ ਗਈ। ਪੁਲਸ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਹ ਘਟਨਾ ਸੂਬਾਈ ਰਾਜਧਾਨੀ ਕਵੇਟਾ ਵਿੱਚ ਵਾਪਰੀ, ਜਿੱਥੇ ਬੁੱਧਵਾਰ ਰਾਤ ਨੂੰ 2 ਗੁੱਟਾਂ ਦੇ ਮੈਂਬਰਾਂ ਵਿਚਾਲੇ ਜ਼ਮੀਨੀ ਵਿਵਾਦ ਨੂੰ ਲੈ ਕੇ ਬਹਿਸ ਹੋ ਗਈ, ਜਿਸ ਤੋਂ ਬਾਅਦ ਉਨ੍ਹਾਂ ਨੇ ਇੱਕ-ਦੂਜੇ 'ਤੇ ਗੋਲੀਆਂ ਚਲਾ ਦਿੱਤੀਆਂ।ਪੁਲਸ ਨੇ ਦੱਸਿਆ ਕਿ ਦੋਵੇਂ ਗੁੱਟ ਸ਼ਹਿਰ ਦੇ ਪ੍ਰਭਾਵਸ਼ਾਲੀ ਪਰਿਵਾਰਾਂ ਨਾਲ ਸਬੰਧਤ ਸਨ, ਜੋ ਜ਼ਮੀਨੀ ਵਿਵਾਦ ਨੂੰ ਲੈ ਕੇ ਆਪਸ ਵਿਚ ਲੜ ਪਏ। ਗੋਲੀਬਾਰੀ 'ਚ ਕਈ ਲੋਕ ਜ਼ਖ਼ਮੀ ਵੀ ਹੋਏ ਹਨ ਅਤੇ ਉਨ੍ਹਾਂ ਨੂੰ ਨੇੜੇ ਦੇ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਪੁਲਸ ਨੇ ਅਗਲੇਰੀ ਜਾਂਚ ਲਈ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਹੈ।



# ਨਾਈਜਰ 'ਚ ਹਾਲਾਤ ਬਦਤਰ, ਫਰਾਂਸ ਨੇ ਭਾਰਤੀ ਨਾਗਰਿਕਾਂ ਨੂੰ ਕੱਢਿਆ ਸੁਰੱਖਿਅਤ

• ਨਾਈਜਰ

ਫੌਜੀ ਤਖਤਾਪਲਟ ਤੋਂ ਬਾਅਦ ਨਾਈਜਰ ਵਿਚ ਹਾਲਾਤ ਖਰਾਬ ਹਨ। ਤਖਤਾਪਲਟ ਦਾ ਸਮਰਥਨ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਨੇ ਫ?ਰਾਂਸੀਸੀ ਦੂਤਘਰ ਨੂੰ ਤਬਾਹ ਕਰ ਦਿੱਤਾ। ਇਸ ਸੰਕਟ ਵਿਚਕਾਰ ਭਾਰਤ ਸਮੇਤ ਹੋਰ ਦੇਸ਼ਾਂ ਦੇ ਨਾਗਰਿਕ ਨਾਈਜਰ ਵਿੱਚ ਫਸੇ ਹੋਏ ਹਨ। ਇੱਕ ਮੀਡੀਆ ਰਿਪੋਰਟ ਮੁਤਾਬਕ ਫਰਾਂਸ ਸਰਕਾਰ ਨੇ ਪਿਛਲੇ ਦੋ ਦਿਨਾਂ ਵਿੱਚ ਭਾਰਤੀ ਨਾਗਰਿਕਾਂ ਸਮੇਤ ਆਪਣੇ 990 ਤੋਂ ਵੱਧ ਨਾਗਰਿਕਾਂ ਨੂੰ ਬਾਹਰ ਕੱਢਿਆ ਹੈ। ਭਾਰਤ 'ਚ ਫਰਾਂਸ ਦੇ ਰਾਜਦੂਤ ਇਮੈਨੁਅਲ ਲੇਨੇਨ ਨੇ ਟਵਿੱਟਰ 'ਤੇ ਕਿਹਾ ਕਿ ਫਰਾਂਸ ਵੱਲੋਂ ਕੱਢੇ ਗਏ 992 ਲੋਕਾਂ 'ਚੋਂ 560 ਉਸ ਦੇ ਨਾਗਰਿਕ ਹਨ, ਜਦਕਿ ਬਾਕੀਆਂ 'ਚ ਭਾਰਤੀ ਨਾਗਰਿਕਾਂ ਸਮੇਤ ਕਈ ਹੋਰ ਦੇਸ਼ਾਂ ਦੇ ਨਾਗਰਿਕ ਸ਼ਾਮਲ ਹਨ।



# ਪੰਜਾਬ ਰਾਜ ਭਵਨ 'ਚ ਟਮਾਟਰਾਂ ਦੀ ਵਰਤੋਂ 'ਤੇ ਲੱਗੀ ਰੋਕ

• ਚੰਡੀਗੜ੍ਹ

ਪੰਜਾਬ ਵਿਚ ਟਮਾਟਰ ਦੀਆਂ ਅਸਮਾਨ ਛੂਹਦੀਆਂ ਕੀਮਤਾਂ ਵਿਚਾਲੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਵੀਰਵਾਰ ਨੂੰ ਇਕ ਹੁਕਮ ਜਾਰੀ ਕਰ ਰਾਜਭਵਨ ਵਿਚ ਇਸ ਦੀ ਖਪਤ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ। ਥੋਕ ਵਪਾਰੀਆਂ ਦੇ ਮੁਤਾਬਕ, ਇਸ ਵੇਲੇ ਟਮਾਟਰ 200 ਰੁਪਏ ਪ੍ਰਤੀ ਕਿੱਲੋ ਤੋਂ ਵੱਧ ਦੀ ਕੀਮਤ 'ਤੇ ਵਿਕ ਰਿਹਾ ਹੈ ਤੇ ਆਉਣ ਵਾਲੇ ਦਿਨਾਂ ਵਿਚ ਇਸ ਦੀਆਂ ਕੀਮਤਾਂ 300 ਰੁਪਏ ਪ੍ਰਤੀ ਕਿੱਲੋ ਤਕ ਪਹੁੰਚਣ ਦੀ ਸੰਭਾਵਨਾ ਹੈ। ਰਾਜਪਾਲ ਨੇ ਟਮਾਟਰ ਦੀਆਂ ਵਧਦੀਆਂ ਕੀਮਤਾਂ ਨਾਲ ਆਮ ਜਨਤਾ 'ਤੇ ਪੈਣ ਵਾਲੇ ਬੋਝ ਨੂੰ ਸਮਝਦਿਆਂ ਲੋਕਾਂ ਪ੍ਰਤੀ ਆਪਣੀ ਚਿੰਤਾ ਅਤੇ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਚੀਜ਼ ਦੀ ਖਪਤ ਰੋਕਣ ਜਾਂ ਫਿਰ ਘੱਟ ਕਰਨ ਨਾਲ ਉਸ ਦੀ ਕੀਮਤ 'ਤੇ ਅਸਰ ਪੈਂਦਾ ਹੀ ਹੈ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਖ਼ੂਨ ਦੀ ਕਮੀ ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਪ੍ਰਭਾਵਿਤ ਕਰਦੀ ਹੈ : ਡਾ.ਜੰਗਜੀਤ ਸਿੰਘ




## ਕੈਬਨਿਟ ਮੰਤਰੀ ਹਰਜੋਤ ਬੈਂਸ ਹਲਕੇ ਵਿੱਚ ਸਿਹਤ ਸਹੂਲਤਾਂ ਦਾ ਨਿਰੰਤਰ ਲੈ ਰਹੇ ਹਨ ਜਾਇਜਾ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਭਾਰੀ ਬਰਸਾਤ ਅਤੇ ਹੜ੍ਹਾ ਤੋ ਬਾਅਦ ਆਮ ਵਰਗੇ ਹਾਲਾਤ ਬਣਾਉਣ ਅਤੇ ਆਮ ਲੋਕਾਂ ਨੂੰ ਸਿਹਤ ਸਹੂਲਤਾ ਦਾ ਲਾਭ ਲੋੜਵੰਦਾ ਤੱਕ ਪਹੁੰਚਾਉਣ ਲਈ ਸਿਹਤ ਵਿਭਾਗ ਵੱਲੋਂ ਚਲਾਏ ਜਾ ਰਹੇ ਵਿਸ਼ੇਸ ਅਭਿਆਨ ਦਾ ਕੈਬਨਿਟ ਮੰਤਰੀ ਹਰਜੋਤ ਬੈਂਸ ਨਿਰੰਤਰ ਜਾਇਜਾ ਲੈ ਰਹੇ ਹਨ। ਸਿਹਤ ਵਿਭਾਗ ਵਲ੍ਹੋਂ ਚਲਾਏ ਜਾ ਰਹੇ ਵੱਖ-ਵੱਖ ਕੋਮੀ ਸਿਹਤ ਪ੍ਰੋਗਰਾਮਾਂ ਨੂੰ ਜਮੀਨੀ ਪੱਧਰ ਤੱਕ ਪਹੁੰਚਾਉਣਾ ਸਾਡੀ ਮੁੱਢਲੀ ਜਿੰਮੇਵਾਰੀ ਹੈ। ਇਹਨਾਂ ਵਿੱਚੋਂ ਅਨੀਮੀਆ ਮੁਕਤ ਭਾਰਤ ਇੱਕ ਅਜਿਹਾ ਅਭਿਆਨ ਹੈ, ਜਿਸ ਤਹਿਤ ਗਰਭਵਤੀ ਔਰਤਾਂ ਅਤੇ 6 ਮਹੀਨੇ ਤੋਂ 5 ਸਾਲ ਦੀ ਉਮਰ ਤੱਕ ਦੇ ਬੱਚਿਆਂ ਵਿੱਚ ਖ਼ੂਨ ਦੀ ਕਮੀ ਨੂੰ ਦੂਰ ਕਰਨਾ ਸਾਡਾ ਮੁੱਖ ਟੀਚਾ ਹੈ। ਡਾ.ਜੰਗਜੀਤ ਸਿੰਘ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਕਿ ਜਿੱਥੇ ਗਰਭਵਤੀ ਔਰਤਾਂ ਨੂੰ ਮਮਤਾ ਦਿਵਸ ਤੇ ਟੈਟਨਸ ਦੇ ਟੀਕੇ ਲਗਾਏ ਜਾਂਦੇ ਹਨ, ਉੱਥੇ ਹੀ ਆਇਰਨ ਫੋਲਿਕ ਐਸਿਡ ਦੀਆਂ ਗੋਲ਼ੀਆਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਉਹਨਾਂ ਵਿੱਚ ਖ਼ੂਨ ਦੀ ਕਮੀ ਨਾ ਹੋਵੇ। ਉਨ੍ਹਾਂ ਦੱਸਿਆ ਕਿ ਗਰਭ ਅਵਸਥਾ ਵਿੱਚ ਮਾਵਾਂ ਨੂੰ ਆਇਰਨ ਦੀਆਂ 180 ਗੋਲ਼ੀਆਂ ਦਾ ਕੋਰਸ ਕਰਵਾਇਆ ਜਾਂਦਾ ਹੈ ਪਰ ਜੇ ਖ਼ੂਨ ਦੀ ਕਮੀ ਜਿਆਦਾ ਹੈ ਤਾਂ ਇਸ ਨੂੰ ਦੋ ਗੁਣਾ ਕਰਕੇ 360 ਗੋਲ਼ੀਆਂ ਦਾ ਕੋਰਸ ਕਰਵਾਇਆ ਜਾਂਦਾ ਹੈ। ਡਾ.ਅਬਿੰਕਾ ਸ਼ਰਮਾ ਆਯੂਰਵੈਦਿਕ ਮੈਡੀਕਲ ਅਫਸਰ ਆਰ.ਬੀ.ਐਸ.ਕੇ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸਕੂਲਾਂ ਵਿੱਚ ਵੀ ਬੱਚਿਆਂ ਨੂੰ ਹਫਤੇ ਵਿੱਚ ਆਇਰਨ ਫੋਲਿਕ ਐਸਿਡ ਦੀ ਇੱਕ ਗੋਲੀ ਖਵਾਈ ਜਾਂਦੀ ਹੈ। ਦੂਜੇ ਪਾਸੇ 6 ਮਹੀਨੇ ਤੋਂ 5 ਸਾਲ ਤੱਕ ਦੀ ਉਮਰ ਦੇ ਬੱਚਿਆਂ ਨੂੰ ਆਸ਼ਾ ਵਰਕਰਾਂ ਵਲ੍ਹੋਂ ਘਰ-ਘਰ ਜਾ ਕੇ ਆਇਰਨ ਸਿਰਪ ਪਿਲਾਇਆ ਜਾ ਰਿਹਾ ਹੈ। ਆਸ਼ਾ ਵਰਕਰਾਂ ਵਲ੍ਹੋਂ ਹਰ ਬੁੱਧਵਾਰ ਅਤੇ ਸ਼ਨੀਵਾਰ ਨੂੰ ਘਰ-ਘਰ ਦੌਰਾ ਕੀਤਾ ਜਾਂਦਾ ਹੈ ਅਤੇ ਉਪਰੋਕਤ ਉਮਰ ਵਰਗ ਦੇ ਬੱਚਿਆਂ ਨੂੰ ਕਵਰ ਕੀਤਾ ਜਾਂਦਾ ਹੈ। ਇਸ ਲੜੀ ਤਹਿਤ ਅੱਜ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਵਿਖੇ ਅਨੀਮੀਆ ਜਾਂਚ ਦਾ ਕੈਂਪ ਲਗਾਇਆ ਗਿਆ। ਡਾ.ਅਨੂੰ ਸ਼ਰਮਾ ਮੈਡੀਕਲ ਅਫਸਰ ਕੀਰਤਪੁਰ ਸਾਹਿਬ ਨੇ ਕਿਹਾ ਕਿ ਗਰਭਵਤੀ ਔਰਤਾਂ ਦੀ ਰਜਿਸਟ?ਰੇਸ਼ਨ ਸਮੇ ਸਿਰ ਹੋਣੀ ਚਾਹੀਦੀ ਹੈ, ਕਿਉਂਕਿ ਇਸ ਨਾਲ਼ ਜਣੇਪੇ ਨਾਲ਼ ਸੰਬੰਧਤ ਕਈ ਤਰ੍ਹਾਂ ਦੀਆਂ ਪ੍ਰਸਥਿਤੀਆ ਤੋਂ ਬਚਿਆ ਜਾ ਸਕਦਾ ਹੈ। ਉਹਨਾਂ ਕਿਹਾ ਕਿ ਮਾਤਰੀ ਮੌਤ ਦਰ ਘਟਾਉਣ ਲਈ ਗਰਭਵਤੀ ਔਰਤਾਂ ਦੀ ਸਮੇਂ ਸਿਰ ਸੌ ਫੀਸਦੀ ਰਜਿਸਟ?ਰੇਸ਼ਨ, ਚਾਰ ਏ. ਐਨ. ਸੀ. ਚੈੱਕ-ਅਪ ਅਤੇ ਸੰਸਥਾਗਤ ਜਣੇਪਾ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਡਾ. ਹਿੰਮੀ ਸਿੰਘ ਮੈਡੀਕਲ ਅਫਸਰ, ਵਿਜੇ ਸ਼ਰਮਾ ਐਮ. ਐਲ. ਟੀ ਗ੍ਰੇਡ-1, ਆਮ ਆਦਮੀ ਕਲੀਨਿਕ ਕੀਰਤਪੁਰ ਸਾਹਿਬ, ਸੁਨੀਤਾ ਸਟਾਫ ਨਰਸ ਆਰ. ਬੀ. ਐਸ. ਕੇ, ਸਿਕੰਦਰ ਸਿੰਘ ਐਸ. ਐਮ. ਆਈ, ਬਲਵੰਤ ਰਾਏ ਹੈਲਥ ਇੰਸਪੈਕਟਰ, ਬਲਜੀਤ ਕੌਰ ਫਾਰਮੈਸੀ ਅਫਸਰ, ਮਨਪ੍ਰੀਤ ਕੌਰ ਅਤੇ ਰਮਨਦੀਪ ਕੌਰ ਸਟਾਫ ਨਰਸ, ਗੁਰਦੀਪ ਕੌਰ ਕਲੀਨੀਕਲ ਅਸਿਸਟੈਂਟ ਆਦਿ ਸਿਹਤ ਕਰਮਚਾਰੀ ਹਾਜ਼ਰ ਸਨ।

# ਆਂਗਣਵਾੜੀ ਵਰਕਰਾਂ ਹੈਲਪਰਾਂ ਖ਼ਿਲਾਫ਼ ਕਾਰਵਾਈ ਕਰਨ ਦਾ ਸਰਕਾਰ ਦਾ ਰਵੱਈਆ ਅਤਿ ਨਿੰਦਣਯੋਗ : ਹਰਜੀਤ ਕੌਰ ਪੰਜੌਲਾ



**• ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**

ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਸੀਟੂ ਵੱਲੋਂ ਬਿਆਨ ਜਾਰੀ ਕਰਦੇ ਹੋਏ ਸੂਬਾਈ ਪ੍ਰਧਾਨ ਹਰਜੀਤ ਕੌਰ ਜਨਰਲ ਸਕੱਤਰ ਸੁਭਾਸ਼ ਰਾਣੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਥਾਨਕ ਸਰਕਾਰਾਂ ਵਿੱਚ ਪੰਚ ਸਰਪੰਚ ਦੀ ਭੂਮਿਕਾ ਨਿਭਾ ਰਹੀਆਂ ਆਂਗਣਵਾੜੀ ਵਰਕਰ ਹੈਲਪਰ ਤੇ ਕਾਰਵਾਈ ਕਰਨ ਦਾ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਨੂੰ ਜੋ ਪੱਤਰ ਜਾਰੀ ਕੀਤਾ ਹੈ ਉਹ ਬਹੁਤ ਹੀ ਨਿੰਦਣਯੋਗ ਹੈ । ਉਹਨਾਂ ਨੇ ਕਿਹਾ ਕਿ ਆਪ ਸਰਕਾਰ ਦਾ ਇਹ ਫੈਸਲਾ ਬਦਲਾਅ ਨਹੀਂ ਬਦਲਾਖੋਰੀ ਦਾ ਵੱਧ ਲਗਦਾ ਹੈ। ਉਹਨਾਂ ਨੇ ਕਿਹਾ ਕਿ ਆਂਗਣਵਾੜੀ ਵਰਕਰ ਸੋਸ਼ਲ ਵਰਕਰ ਹੈ ਅਤੇ ਉਹ ਮਾਣਭੱਤੇ ਉਤੇ ਸੇਵਾਵਾਂ ਨਿਭਾਉਂਦੀ ਹੈ ।ਮਾਨਯੋਗ ਹਾਈਕੋਰਟ ਦੇ ਕੇਸ ਨੰਬਰ CWP No.HBFD, HGG@, HBGI and HBA@/2008 ਅਤੇ CWP No. DGFI of 2016 ਵਿੱਚ ਆਂਗਣਵਾੜੀ ਵਰਕਰ ਨੂੰ ਪੰਚਾਇਤੀ ਚੋਣਾਂ ਵਿੱਚ ਭਾਗ ਲੈਣ ਦਾ ਹੱਕ ਅਤੇ ਦੋਵੇਂ ਅਹੁਦਿਆਂ ਉੱਤੇ ਕੰਮ ਕਰਨ ਦਾ ਅਧਿਕਾਰ ਦਿੰਦਾ ਹੈ। ਆਂਗਣਵਾੜੀ ਵਰਕਰ ਸਰਕਾਰੀ ਮੁਲਾਜ਼ਮ ਨਹੀਂ ਹਨ ਅਤੇ ਨਾ ਹੀ ਸਰਕਾਰ ਵਲੋਂ ਵਰਕਰ ਮੰਨਦੇ ਹੋਏ ਘੱਟੋ-ਘੱਟ ਉਜਰਤ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। 2008 ਤੋਂ ਲੈਕੇ ਹੁਣ ਤੱਕ ਅਕਾਲੀ ਅਤੇ ਕਾਂਗਰਸ ਸਰਕਾਰਾਂ ਰਹੀਆਂ ਹਨ । ਕਿਸੇ ਵੱਲੋਂ ਵੀ ਆਂਗਣਵਾੜੀ ਵਰਕਰਾਂ ਉੱਤੇ ਇਸ ਤਰ੍ਹਾਂ ਦੀ ਬਦਲਾਖੋਰੀ ਵਾਲੀ ਕਾਰਵਾਈ ਨਹੀਂ ਕੀਤੀ ਗਈ ।ਯੂਨੀਅਨ ਵੱਲੋਂ ਆਂਗਨਵਾੜੀ ਵਰਕਰਾਂ ਕਾਰਵਾਈ ਕਰਨ ਦਾ ਪੱਤਰ ਜਾਰੀ ਕੀਤਾ ਗਿਆ ਹੈ ਉਸ ਦੀ ਸਖਤ ਸ਼ਬਦਾਂ ਵਿੱਚ ਨਿੰਦਿਆਂ ਕਰਦੇ ਹੋਏ ਯੂਨੀਅਨ ਵੱਲੋਂ ਮੰਗ ਕੀਤੀ ਗਈ ਕੇ ਪਹਿਲਾਂ ਆਂਗਣਵਾੜੀ ਵਰਕਰਾਂ ਨੂੰ ਮੁਲਾਜਮ ਬਣਾਇਆ ਜਾਵੇ ਅਤੇ ਫੇਰ ਮੁਲਾਜ਼ਮ ਵਾਲੇ ਨਿਯਮ ਲਾਗੂ ਕੀਤੇ ਜਾਣ।

# ਭਾਰਤ ਦੀ ਨੌਜਵਾਨ ਆਬਾਦੀ ਲਈ ਵੱਡਾ ਖ਼ਤਰਾ, ਦਿਲ ਦਾ ਦੌਰਾ ਪੈਣ ਦਾ ਸ਼ਿਕਾਰ ਡਾ. ਟੀ.ਐਸ. ਕਲੇਰ

**• ਚੰਡੀਗੜ੍ਹ**

ਦੇਸ਼ ਦੇ ਨੌਜਵਾਨਾਂ ਵਿੱਚ ਦਿਲ ਦਾ ਦੌਰਾ ਪੈਣ ਦੇ ਮਾਮਲੇ ਵੱਧ ਰਹੇ ਹਨ, ਅਜਿਹੇ ਵਿੱਚ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਦੀ ਲੋੜ ਹੈ। ਹਾਲ ਹੀ ਦੇ ਕੁਝ ਅੰਕੜੇ ਬਹੁਤ ਡਰਾਉਣੇ ਹਨ, ਜੋ ਦਰਸਾਉਂਦੇ ਹਨ ਕਿ ਦਿਲ ਦਾ ਦੌਰਾ ਨੌਜਵਾਨ ਉਮਰ ਵਰਗ ਵਿੱਚ ਮੌਤ ਦਾ ਇੱਕ ਵੱਡਾ ਕਾਰਨ ਬਣ ਗਿਆ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਲੋਕਾਂ ਨੂੰ ਦਿਲ ਦੇ ਦੌਰੇ ਦੇ ਲੱਛਣਾਂ, ਲੱਛਣਾਂ ਅਤੇ ਰੋਕਥਾਮ ਦੇ ਤਰੀਕਿਆਂ ਬਾਰੇ ਜਾਣੂ ਕਰਵਾਇਆ ਜਾਵੇ ਤਾਂ ਜੋ ਉਹ ਆਪਣੇ ਆਪ ਨੂੰ ਇਸ ਘਾਤਕ ਸਮੱਸਿਆ ਤੋਂ ਬਚਾ ਸਕਣ ।ਕਾਰਡੀਏਕ ਅਰੈਸਟ ਇੱਕ ਗੰਭੀਰ ਮੈਡੀਕਲ ਐਮਰਜੈਂਸੀ ਹੈ ਜਿਸ ਵਿੱਚ ਦਿਲ ਪ੍ਰਭਾਵਸ਼ਾਲੀ ਢੰਗ ਨਾਲ ਖ਼ੂਨ ਨੂੰ ਪੰਪ ਕਰਨਾ ਬੰਦ ਕਰ ਦਿੰਦਾ ਹੈ। , ਅਤੇ ਮਰੀਜ਼ ਨੂੰ ਸਾਹ ਲੈਣ ਵਿੱਚ ਮੁਸ਼ਕਲ ਆਉਣ ਲੱਗਦੀ ਹੈ, ਹੋਸ਼ ਗੁਆ ਬੈਠਦਾ ਹੈ। ਇਸ ਵਿੱਚ ਮਰੀਜ਼ ਅਚਾਨਕ ਹੇਠਾਂ ਡਿੱਗ ਜਾਂਦਾ ਹੈ, ਨਬਜ਼ ਬੰਦ ਹੋ ਜਾਂਦੀ ਹੈ ਅਤੇ ਸਾਹ ਵੀ ਰੁਕ ਜਾਂਦਾ ਹੈ। ਜੇਕਰ ਤੁਰੰਤ ਡਾਕਟਰੀ ਸਹਾਇਤਾ ਨਹੀਂ ਦਿੱਤੀ ਜਾਂਦੀ, ਤਾਂ ਮਰੀਜ਼ ਦੇ ਬਚਣ ਦੀ ਸੰਭਾਵਨਾ ਖਤਮ ਹੋ ਜਾਂਦੀ ਹੈ ਅਤੇ ਸਿਰਫ 10 ਮਿੰਟਾਂ ਦੇ ਅੰਦਰ ਮਰੀਜ਼ ਦੀ ਮੌਤ ਹੋ ਜਾਂਦੀ ਹੈ। ਦਿਲ ਦਾ ਦੌਰਾ ਪੈਣ ਦੇ ਕਾਰਨ ਵੱਖ-ਵੱਖ ਹੋ ਸਕਦੇ ਹਨ। ਲਗਭਗ 85% ਮਾਮਲਿਆਂ ਵਿੱਚ, ਦਿਲ ਦਾ ਦੌਰਾ ਪਹਿਲਾਂ ਤੋਂ ਮੌਜੂਦ ਦਿਲ ਦੀਆਂ ਸਮੱਸਿਆਵਾਂ ਜਿਵੇਂ ਕਿ ਕਾਰਡੀਓਮਿਓਪੈਥੀ ਜਾਂ ਪਿਛਲੇ ਦਿਲ ਦਾ ਦੌਰਾ ਪੈਣ ਕਾਰਨ ਹੁੰਦਾ ਹੈ। ਦਿਲ ਦੀ ਘੱਟ ਪੰਪਿੰਗ ਸਮਰੱਥਾ ਅਤੇ 35% ਤੋਂ ਘੱਟ ਇਜੈਕਸ਼ਨ ਫਰੈਕਸ਼ਨ ਵਾਲੇ ਮਰੀਜ਼ਾਂ ਨੂੰ ਦਿਲ ਦਾ ਦੌਰਾ ਪੈਣ ਦਾ ਵਧੇਰੇ ਜੋਖਮ ਹੁੰਦਾ ਹੈ ਕੁਝ ਮਾਮਲਿਆਂ ਵਿੱਚ, ਖਿਰਦੇ ਦੀ ਗ੍ਰਿਫਤਾਰੀ ਖ਼ਾਨਦਾਨੀ ਦਿਲ ਦੀਆਂ ਬਿਮਾਰੀਆਂ ਜਿਵੇਂ ਕਿ ਹਾਈਪਰਟ?ਰੋਫਿਕ ਕਾਰਡੀਓਮਾਇਓਪੈਥੀ, ਕਿਊਟੀ ਪ੍ਰੋਲੋਂਗੇਸ਼ਨ, ਬਰੂਗਾਡਾ ਸਿੰਡਰੋਮ ਅਤੇ ਐਰੀਥਮੋਜੈਨਿਕ ਰਾਈਟ ਵੈਂਟ੍ਰਿਕੂਲਰ ਡਿਸਪਲੇਸੀਆ ਵਾਲੇ ਲੋਕਾਂ ਵਿੱਚ ਹੁੰਦੀ ਹੈ। ਸਮੇਂ ਸਿਰ ਇਨ੍ਹਾਂ ਸਮੱਸਿਆਵਾਂ ਦਾ ਪਤਾ ਲਗਾਉਣ ਦੀ ਜ਼ਰੂਰਤ ਹੈ, ਜਿਸ ਲਈ ਇਲੈਕਟ?ਰੋਕਾਰਡੀਓਗ੍ਰਾਫੀ (ਈਸੀਜੀ), ਈਕੋਕਾਰਡੀਓਗ੍ਰਾਫੀ ਕੀਤੀ ਜਾਣੀ ਚਾਹੀਦੀ ਹੈ ਅਤੇ ਦਿਲ ਦੇ ਡਾਕਟਰ ਨੂੰ ਦਿਖਾਉਣੀ ਚਾਹੀਦੀ ਹੈ।ਫੋਰਟਿਸ ਹਾਰਟ ਐਂਡ ਵੈਸਕੁਲਰ ਇੰਸਟੀਚਿਊਟ ਦੇ ਚੇਅਰਮੈਨ ਡਾ. ਟੀ.ਐਸ. ਕਲੇਰ ਨੇ ਜ਼ੋਰ ਦੇ ਕੇ ਕਿਹਾ ਕਿ ਦਿਲ ਦਾ ਦੌਰਾ ਪੈਣ ਦੀ ਸਥਿਤੀ ਵਿੱਚ ਕਾਰਡੀਓਪਲਮੋਨਰੀ ਗੀਸਸੀਟੇਸ਼ਨ (ਸੀਪੀਆਰ) ਦਾ ਤੁਰੰਤ ਪ੍ਰਬੰਧਨ ਬਹੁਤ ਮਹੱਤਵਪੂਰਨ ਹੈ। ਇਸ ਤੋਂ ਇਲਾਵਾ, ਬਿਜਲੀ ਦੇ ਝਟਕੇ ਦੁਆਰਾ ਡੀਫਿਬ੍ਰਿਲੇਸ਼ਨ ਅਤੇ ਐਡਵਾਂਸਡ ਕਾਰਡਿਅਕ ਲਾਈਫ ਸਪੋਰਟ ਦੀ ਮਦਦ ਨਾਲ, ਮਰੀਜ਼ ਦੇ ਬਚਣ ਦੀ ਸੰਭਾਵਨਾ ਵੱਧ ਜਾਂਦੀ ਹੈ। ਭਾਰਤ ਵਿੱਚ ਨੌਜਵਾਨ ਆਬਾਦੀ ਵਿੱਚ ਦਿਲ ਦੇ ਦੌਰੇ ਦੇ ਵੱਧ ਰਹੇ ਮਾਮਲਿਆਂ ਦਾ ਸਭ ਤੋਂ ਵੱਡਾ ਕਾਰਨ ਮਾੜੀ ਜੀਵਨ ਸ਼ੈਲੀ ਹੈ। ਨੌਜਵਾਨਾਂ ਦੀਆਂ ਖਾਣ-ਪੀਣ ਦੀਆਂ ਆਦਤਾਂ ਠੀਕ ਨਹੀਂ ਹਨ ਉਹ ਪ੍ਰੋਸੈਸਡ ਫੂਡ ਜ਼ਿਆਦਾ ਖਾ ਰਹੇ ਹਨ, ਖੰਡ ਦੀ ਮਾਤਰਾ ਜ਼ਿਆਦਾ ਹੈ, ਹਾਈ ਗਲਾਈਸੈਮਿਕ ਕਾਰਬੋਹਾਈਡ?ਰੇਟਸ ਲੈ ਰਹੇ ਹਨ, ਉਨ੍ਹਾਂ ਦੀ ਰੁਟੀਨ ਵੀ ਠੀਕ ਨਹੀਂ ਹੈ, ਮੋਟਾਪਾ ਵਧ ਰਿਹਾ ਹੈ, ਤੰਬਾਕੂ ਅਤੇ ਸ਼ਰਾਬ ਦਾ ਸੇਵਨ ਜ਼ਿਆਦਾ ਹੈ, ਤਣਾਅ ਜ਼ਿਆਦਾ ਹੈ। ਇਨ੍ਹਾਂ ਸਾਰੇ ਕਾਰਨਾਂ ਕਰਕੇ ਨੌਜਵਾਨ ਦਿਲ ਦੀਆਂ ਬਿਮਾਰੀਆਂ ਅਤੇ ਹਾਰਟ ਅਟੈਕ ਦਾ ਸ਼ਿਕਾਰ ਹੋ ਰਹੇ ਹਨ। ਹਾਲ ਹੀ ਵਿੱਚ, ਇਹ ਵੀ ਸਾਹਮਣੇ ਆਇਆ ਹੈ ਕਿ ਗਲਤ ਤਰੀਕੇ ਨਾਲ ਕਸਰਤ ਅਤੇ ਮਾਸਪੇਸ਼ੀਆਂ ਨੂੰ ਵਧਾਉਣ ਲਈ ਪ੍ਰੋਟੀਨ ਸਪਲੀਮੈਂਟ ਲੈਣਾ ਵੀ ਦਿਲ ਨੂੰ ਪ੍ਰਭਾਵਿਤ ਕਰਦਾ ਹੈ, ਖਾਸ ਤੌਰ 'ਤੇ ਨੌਜਵਾਨਾਂ ਵਿੱਚ ਜੋ ਇਸਨੂੰ ਜ਼ਿਆਦਾ ਲੈਂਦੇ ਹਨ। ਡਾਕਟਰ ਕਲੇਰ ਸੁਝਾਅ ਦਿੰਦਾ ਹੈ ਕਿ ਜਿੰਮ ਜਾਂ ਕੋਈ ਹੋਰ ਸਰੀਰਕ ਗਤੀਵਿਧੀ ਸ਼ੁਰੂ ਕਰਨ ਤੋਂ ਪਹਿਲਾਂ, ਉਮਰ ਦੀ ਪਰਵਾਹ ਕੀਤੇ ਬਿਨਾਂ, ਦਿਲ ਦੀ ਜਾਂਚ ਕਰੋ। ਅਥਲੀਟ, ਮੈਰਾਥਨ ਦੌੜਾਕ ਜਾਂ ਉਹ ਲੋਕ ਜੋ ਜਿਮ ਵਿੱਚ ਬਹੁਤ ਤੀਬਰ ਕਸਰਤ ਕਰਦੇ ਹਨ, ਉਹਨਾਂ ਨੂੰ ਇੱਕ ਈਸੀਜੀ ਕਰਵਾਉਣਾ ਚਾਹੀਦਾ ਹੈ ਅਤੇ ਇੱਕ ਕਾਰਡੀਓਲੋਜਿਸਟ ਨਾਲ ਸਲਾਹ ਕਰਨ ਤੋਂ ਬਾਅਦ ਆਪਣੀ ਕਸਰਤ ਦੀ ਯੋਜਨਾ ਬਣਾਉਣੀ ਚਾਹੀਦੀ ਹੈ।

# ਮਾਸ ਮੀਡੀਆ ਵਿੰਗ ਅਤੇ ਬਲਾਕ ਐਕਸੈਂਟਸ਼ਨ ਐਜੂਕੇਟਰਾ ਨਾਲ ਸਿਹਤ ਪ੍ਰੋਗਰਾਮਾਂ ਦੀ ਕੀਤੀ ਸਮੀਖਿਆ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਪੰਜਾਬ ਸਰਕਾਰ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਲਈ ਯਤਨਸ਼ੀਲ ਹੈ। ਇਸ ਸੰਦਰਭ ਵਿਚ ਸਿਹਤ ਵਿਭਾਗ ਦੇ ਪ੍ਰੋਗਰਾਮ ਨੂੰ ਚੰਗੇ ਢੰਗ ਨਾਲ ਚਲਾਉਣ ਲਈ ਸਿਵਲ ਸਰਜਨ ਡਾਕਟਰ ਪਰਮਿੰਦਰ ਕੁਮਾਰ ਨੇ ਮਾਸ ਮੀਡੀਆ ਵਿੰਗ ਅਤੇ ਬਲਾਕ ਐਕਸੈਂਟਸ਼ਨ ਐਜੂਕੇਟਰਾ ਨਾਲ ਵੱਖ-ਵੱਖ ਪ੍ਰੋਗਰਾਮਾਂ ਦੀ ਸਮੀਖਿਆ ਕੀਤੀ। ਉਹਨਾਂ ਨੇ ਕਿਹਾ ਕਿ ਬਰਸਾਤੀ ਮੌਸਮ ਨੂੰ ਮੁੱਖ ਰੱਖਦੇ ਹੋਏ ਫੀਲਡ ਸਟਾਫ਼ ਬਰਸਾਤ ਵਿੱਚ ਹੋਣ ਵਾਲੀਆਂ ਬਿਮਾਰੀਆਂ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ। ਡੇਂਗੂ ਦੀ ਰੋਕਥਾਮ ਲਈ ਬੁਖਾਰ ਦੇ ਮਰੀਜ਼ਾਂ ਦੀ ਡੇਂਗੂ ਅਤੇ ਮਲੇਰੀਆ ਜਾਂਚ ਕਰਵਾਉਣ ਲਈ ਕਿਹਾ ਗਿਆ। ਉਹਨਾ ਨੇ ਕਿਹਾ ਕਿ ਪੁਲਿਸ ਸਟੇਸ਼ਨ ਅਤੇ ਪੁਲਿਸ ਲਾਈਨ ਵਿਖੇ ਵੀ ਡੇਂਗੂ ਕੰਟੇਨਰ ਸਰਵੇ ਕੀਤਾ ਜਾਵੇ, ਫੌਗਿੰਗ ਅਤੇ ਸਪਰੇਅ ਕਰਵਾਇਆ ਜਾਵੇ। ਹਰ ਸ਼ੁੱਕਰਵਾਰ ਨੂੰ, ਐਨਵੀਬੀਡੀਸੀਪੀ ਪ੍ਰੋਗਰਾਮ ਤਹਿਤ ਪੂਰੇ ਜ਼ਿਲ੍ਹੇ ਵਿੱਚ 'ਹਰ ਸ਼ੁੱਕਰਵਾਰ-ਡੇਂਗੂ ਤੇ ਵਾਰ' ਮੁਹਿੰਮ ਦੇ ਤਹਿਤ ਗਤੀ?ਧੀਆਂ ਕੀਤੀਆਂ ਜਾਣ। ਇਸ ਦਿਨ ਇਹ ਮੁਹਿੰਮ ਪੂਰੇ ਬਲਾਕ ਪੱਧਰ/ਪਿੰਡ ਪੱਧਰ ਤੇ ਵੀ ਕੀਤੀ ਜਾਵੇ। ਸ਼ਹਿਰਾਂ ਅਤੇ ਪਿੰਡਾਂ ਵਿੱਚ ਪਾਣੀ ਦੀ ਕਲੋਰੀਨੇਸ਼ਨ ਕਰਵਾਈ ਜਾਵੇ। ਖੜੇ ਪਾਣੀ, ਛੱਪੜਾਂ ਤੇ ਕਾਲੇ ਤੇਲ ਦਾ ਛਿੜਕਾ ਕਰਵਾਇਆ ਜਾਵੇ ਤਾਂ ਜੋ ਮੱਛਰ ਨਾ ਪਣਪ ਸਕਣ। ਲੋਕਾ ਨੂੰ ਸਾਫ਼ ਅਤੇ ਕਲੋਰੀਨੇਟ ਕੀਤਾ ਪਾਣੀ ਪੀਣ ਅਤੇ ਇਸਤੇਮਾਲ ਕਰਨੇ ਬਾਰੇ ਦੱਸਿਆ ਜਾਵੇ। ਬੱਚਿਆਂ ਅਤੇ ਗਰਭਵਤੀ ਔਰਤਾਂ ਦੇ ਟੀਕਾਕਰਨ ਨੂੰ 100 ਪ੍ਰਤੀਸ਼ਤ ਕਰਵਾਉਣਾ ਯਕੀਨੀ ਬਣਾਇਆ ਜਾਵੇ। ਟੀਕਾਕਰਨ ਦੇ ਪਾੜੇ ਨੂੰ ਪੂਰਾ ਕਰਨ ਲਈ ਮਿਸ਼ਨ ਇੰਦਰ ਧੁਨਸ਼ ਸਤੰਬਰ ਮਹੀਨੇ ਤੋਂ ਸ਼ੁਰੂ ਕੀਤਾ ਜਾ ਰਿਹਾ। ਜੱਚਾ, ਬੱਚਾ ਸਿਹਤ ਸਹੂਲਤਾਂ ਵੱਲ ਵਿਸ਼ੇਸ਼ ਤੌਰ ਤੇ ਧਿਆਨ ਦੇਣਾ ਯਕੀਨੀ ਬਣਾਇਆ ਜਾਵੇ ਜੋ ਮਾਂ ਅਤੇ ਬੱਚੇ ਦੀ ਮੌਤ ਦਰ ਨੂੰ ਘਟਾਇਆ ਜਾ ਸਕੇ। ਉਹਨਾਂ ਨੇ ਦੱਸਿਆ ਕਿ 12 ਜੁਲਾਈ ਤੋ 12 ਅਗਸਤ ਤੱਕ ਅਨੀਮੀਆ ਮੁਕਤ ਪੰਜਾਬ ਕੰਪੇਨ ਚਲਾਈ ਜਾ ਰਹੀ ਹੈ ਇਸ ਸੰਬੰਧ ਵਿੱਚ ਲੋਕਾਂ ਵਿੱਚ ਵੱਧ ਤੋਂ ਵੱਧ ਗਰਭਵਤੀ ਔਰਤਾਂ ਤੇ ਬੱਚਿਆਂ ਨੂੰ ਅਨੀਮੀਆ ਸੰਬੰਧੀ ਜਾਗਰੂਕ ਕੀਤਾ ਜਾਵੇ। 1ਅਗਸਤ ਤੋਂ ਲੈ ਕੇ 7 ਅਗਸਤ ਤੱਕ ਮਾਂ ਦੇ ਦੁੱਧ ਸੰਬਧੀ ਹਫਤਾ ਮਨਾਇਆ ਜਾ ਰਿਹਾ ਹੈ। ਪਿੰਡ ਪੱਧਰ ਤੇ ਆਸ਼ਾ ਵਰਕਰਾਂ ਵੱਲੋਂ ਔਰਤਾਂ ਨੂੰ ਜਾਗਰੂਕ ਕੀਤਾ ਜਾਵੇ। ਸਿਹਤ ਵਿਭਾਗ ਦੀਆਂ ਸਾਰੀਆਂ ਸਕੀਮਾਂ ਜੋ ਕਿ ਲੋਕਾਂ ਦੇ ਫਾਇਦੇ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਹਨ। ਉਸ ਬਾਰੇ ਲੋਕਾਂ ਨੂੰ ਸਕੀਮਾਂ ਸਬੰਧੀ ਜਾਗਰੂਕ ਕੀਤਾ ਜਾਵੇ ਅਤੇ ਕੀਤੀ ਕਾਰਵਾਈ ਸਿਹਤ ਵਿਭਾਗ ਦੇ ਗਰੁੱਪਾਂ ਵਿੱਚ ਸ਼ੇਅਰ ਕੀਤੀ ਜਾਵੇ। ਇਸ ਮੌਕੇ ਜ਼ਿਲਾ ਮਾਸ ਮੀਡੀਆ ਅਫਸਰ ਰਾਜ ਰਾਣੀ, ਡਿਪਟੀ ਮਾਸ ਮੀਡੀਆ ਅਫਸਰ ਮੈਡਮ ਰਿਤੂ, ਸੁਖਜੀਤ ਬੀਸੀਸੀ ਕੋਆਰਡੀਨੇਟਰ ਸਾਰੇ ਬਲਾਕਾਂ ਦੇ ਬੀ.ਈ.ਈਜ ਹਾਜ਼ਿਰ ਸਨ।

# ਯੂਨੀਵਰਸਿਟੀ ਦੀ ਟਾਪਰ ਲਿਸਟ ਵਿੱਚ ਐਸਸੀਡੀ ਸਰਕਾਰੀ ਕਾਲਜ ਦੇ ਚਾਰ ਵਿਦਿਆਰਥੀ

## ਪ੍ਰੋ: ਨਿਸ਼ੀ ਅਰੋੜਾ ਨੇ ਕਿਹਾ ਕਿ ਵਿਭਾਗ ਦੇ ਪ੍ਰੋਫੈਸਰਾਂ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ



**• ਲੁਧਿਆਣਾ/ਸੁਖਚੈਨ ਮਹਿਰਾ**

ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਦੇ ਪੋਸਟ ਗ੍ਰੈਜੂਏਟ ਹਿੰਦੀ ਵਿਭਾਗ ਦੇ ਚਾਰ ਵਿਦਿਆਰਥੀਆਂ ਨੇ ਐਮ.ਏ ਹਿੰਦੀ (ਚੌਥਾ ਸਮੈਸਟਰ) ਵਿੱਚ ਪੰਜਾਬ ਯੂਨੀਵਰਸਿਟੀ ਦੇ ਪਹਿਲੇ 10 ਹੋਣਹਾਰ ਵਿਦਿਆਰਥੀਆਂ ਦੀ ਸੂਚੀ ਵਿੱਚ ਥਾਂ ਬਣਾਈ ਹੈ।ਵਿਭਾਗ ਦੀਆਂ ਵਿਦਿਆਰਥਣਾਂ ਨੇਹਾ ਨੇ 1326/1600 ਅੰਕ (82.87%), ਆਰਤੀ ਸ਼ਰਮਾ ਨੇ 1320/1600 ਅੰਕ (82.5%), ਸ਼ਿਵਾਨੀ ਨੇ 1307/1600 ਅੰਕ (81.68) ਅਤੇ ਜੋਗਿੰਦਰ ਨੇ 1303/1600 ਅੰਕ (82.87%) ਕ੍ਰਮਵਾਰ ਛੇਵਾਂ, ਨੌਵਾਂ ਅਤੇ ਦਸਵਾਂ ਸਥਾਨ ਪ੍ਰਾਪਤ ਕੀਤੇ।ਜ਼ਿਕਰਯੋਗ ਹੈ ਕਿ ਪੋਸਟ ਗ੍ਰੈਜੂਏਟ ਹਿੰਦੀ ਵਿਭਾਗ ਦੇ ਵਿਦਿਆਰਥੀ ਹਮੇਸ਼ਾ ਹੀ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦੇ ਰਹੇ ਹਨ।ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੇ ਆਪਣੇ ਵਿਭਾਗ ਦੀ ਪਰੰਪਰਾ ਨੂੰ ਕਾਇਮ ਰੱਖਦੇ ਹੋਏ ਇਸ ਸਾਲ ਵੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਚੰਗੇ ਅੰਕ ਪ੍ਰਾਪਤ ਕਰਕੇ ਟਾਪ 10 ਵਿਦਿਆਰਥੀਆਂ ਦੀ ਸੂਚੀ ਵਿੱਚ ਆਪਣਾ ਨਾਂ ਦਰਜ ਕਰਵਾਇਆ ਹੈ।ਇਸ ਦੇ ਨਾਲ ਹੀ ਇਹ ਵਿਦਿਆਰਥੀ ਲੁਧਿਆਣਾ ਜ਼ਿਲ੍ਹੇ ਵਿੱਚੋਂ ਕ੍ਰਮਵਾਰ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਸਥਾਨ 'ਤੇ ਰਹੇ। ਕਾਲਜ ਦੇ ਪ੍ਰਿੰਸੀਪਲ ਪ੍ਰੋ: (ਡਾ.) ਤਨਵੀਰ ਲਿਖਾਰੀ ਨੇ ਵਿਭਾਗ ਦੀ ਮੁੱਖੀ ਪ੍ਰੋ: ਨਿਸ਼ੀ ਅਰੋੜਾ ਅਤੇ ਵਿਭਾਗੀ ਪ੍ਰੋਫੈਸਰ ਨੂੰ ਵਿਭਾਗ ਦੀ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਬੌਧਿਕ ਵਿਕਾਸ ਲਈ ਪ੍ਰੋਫੈਸਰਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਦੇ ਨਾਲ ਹੀ ਪ੍ਰਿੰਸੀਪਲ ਨੇ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ।ਉਨ੍ਹਾਂ ਕਿਹਾ ਕਿ ਹਿੰਦੀ ਵਿਭਾਗ ਦੇ ਵਿਦਿਆਰਥੀ ਹਰ ਸਮੈਸਟਰ ਵਿੱਚ ਚੰਗੇ ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ ਆਪਣਾ ਸਥਾਨ ਪੱਕਾ ਕਰਕੇ ਕਾਲਜ ਅਤੇ ਸ਼ਹਿਰ ਦਾ ਨਾਂ ਰੌਸ਼ਨ ਕਰ ਰਹੇ ਹਨ। ਇਹ ਹਿੰਦੀ ਵਿਭਾਗ ਲਈ ਹੀ ਨਹੀਂ ਸਗੋਂ ਕਾਲਜ ਅਤੇ ਸ਼ਹਿਰ ਲਈ ਮਾਣ ਵਾਲੀ ਗੱਲ ਹੈ। ਇਸ ਮੌਕੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਿਭਾਗ ਦੀ ਮੁਖੀ ਪ੍ਰੋ: ਨਿਸ਼ੀ ਅਰੋੜਾ ਨੇ ਕਿਹਾ ਕਿ ਵਿਭਾਗ ਦੇ ਪ੍ਰੋਫੈਸਰਾਂ ਨੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ, ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆਏ ਹਨ, ਇਸ ਮੌਕੇ ਡਾ: ਮੁਕੇਸ਼ ਕੁਮਾਰ ਅਰੋੜਾ (ਸੇਵਾਮੁਕਤ ਐਚ.ਓ.ਡੀ. ਅਤੇ ਸੈਨੇਟ-ਸਿੰਡੀਕੇਟ ਮੈਂਬਰ) ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ਅਤੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ, ਵਿਭਾਗ ਦੇ ਪ੍ਰੋਫ਼ੈਸਰ ਡਾ: ਸੌਰਭ ਕੁਮਾਰ ਨੇ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਦੀ ਲਗਨ, ਮਿਹਨਤ ਅਤੇ ਚੰਗੇ ਨਤੀਜੇ ਦੇਖ ਕੇ ਭਵਿੱਖ ਦੇ ਵਿਦਿਆਰਥੀ ਵੀ ਪ੍ਰੇਰਿਤ ਹੋਣਗੇ, ਇਸ ਮੌਕੇ ਵਿਭਾਗੀ ਪ੍ਰੋਫੈਸਰ ਡਾ: ਮੋਨਿਕਾ ਜੈਨ, ਡਾ: ਸੋਨਦੀਪ, ਪ੍ਰੋ: ਇੰਦਰਜੀਤ ਪਾਸਵਾਨ ਨੇ ਵੀ ਉਤਸ਼ਾਹ ਜ਼ਾਹਰ ਕੀਤਾ ਅਤੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ›

# ਰਾਸ਼ਟਰੀ ਸਕੂਲ ਖੇਡਾਂ ਵਿੱਚ ਖ਼ਾਲਸਾ ਸਕੂਲ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

**• ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**

66 ਵੀਆਂ ਰਾਸ਼ਟਰੀ ਸਕੂਲ ਖੇਡਾਂ ਵਿੱਚ ਸਥਾਨਕ ਐਸ ਜੀ ਐਸ ਖ਼ਾਲਸਾ ਸੀ ਸੈ ਸਕੂਲ ਦੇ ਖਿਡਾਰੀਆਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਖ਼ਾਲਸਾ ਸਕੂਲ ਦੇ ਪ੍ਰਿੰਸੀਪਲ ਸੁਖਪਾਲ ਕੌਰ ਵਾਲੀਆ ਨੇ ਦੱਸਿਆ ਕਿ ਇਨ੍ਹਾਂ ਰਾਸ਼ਟਰੀ ਸਕੂਲ ਖੇਡਾਂ ਵਿੱਚ ਸਕੂਲ ਦਾ ਵਿਦਿਆਰਥੀ ਅਕਾਸ਼ਦੀਪ ਸਿੰਘ ਫੁੱਟਬਾਲ ਦੀ ਟੀਮ ਵਿੱਚ ਖੇਡਿਆ ਅਤੇ ਇਸ ਟੀਮ ਨੇਂ ਦੂਸਰਾ ਸਥਾਨ ਹਾਸਲ ਕੀਤਾ। ਸਾਹਿਲ ਯਾਦਵ ਨੇ ਅੰਡਰ 19 ਫ?ਰੀ ਸਟਾਈਲ ਕੁਸ਼ਤੀ ਵਿੱਚ ਭਾਗ ਲਿਆ ਅਤੇ ਤੀਸਰਾ ਸਥਾਨ ਹਾਸਲ ਕੀਤਾ। ਇਹਨਾਂ ਤੋਂ ਇਲਾਵਾ ਵਿਸ਼ਾਲ ਕੁਮਾਰ ਨੇ ਅੰਡਰ 19 ਅਤੇ ਰੌਬਿਨਪ੍ਰੀਤ ਸਿੰਘ ਨੇ ਉੱਚੀ ਛਾਲ? ਦੇ ਮੁਕਾਬਲਿਆਂ ਵਿੱਚ ਭਾਗ ਲਿਆ। ਸਕੂਲ ਦੇ ਪੱਤਰ ਵਿਹਾਰਕ ਪਾਖਰ ਸਿੰਘ ਭੱਠਲ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਮਹਿੰਦਰ ਸਿੰਘ ਵਾਲੀਆ ਨੇ ਉਚੇਚੇ ਤੌਰ ਉੱਤੇ ਸਕੂਲ ਪਹੁੰਚ ਕੇ ਇਹਨਾਂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਐਨਸੀਸੀ ਅਫ਼ਸਰ ਰਣਜੀਤਸਿੰਘ, ਗੁਰਿੰਦਰ ਸਿੰਘ ਕੰਧੋਲਾ ਅਤੇ ਜੇਤੂ ਵਿਦਿਆਰਥੀ ਹਾਜ਼ਰ ਸਨ।



# ਡੀ.ਬੀ.ਈ.ਈ. ਵਿਖੇ ਪਲੇਸਮੈਂਟ ਕੈਂਪ ਦਾ ਆਯੋਜਨ ਭਲਕੇ

**• ਲੁਧਿਆਣਾ/(ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ)**

ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪ੍ਰਤਾਪ ਚੌਂਕ, ਸਾਹਮਣੇ ਸੰਗੀਤ ਸਿਨੇਮਾ ਲੁਧਿਆਣਾ ਵਿਖੇ ਭਲਕੇ 04 ਅਗਸਤ (ਸ਼ੁੱਕਰਵਾਰ) ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਹੋਵੇਗਾ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਸੀ.ਈ.ਓ. ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ.ਬੀ.ਈ.ਈ.) ਲੁਧਿਆਣਾ ਸ਼?ਰੀ ਸੰਦੀਪ ਕੁਮਾਰ (ਆਈ.ਏ.ਐਸ.) ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਲਗਾਤਾਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਹਰ ਸ਼ੁਕਰਵਾਰ ਨੂੰ ਪਲੇਸਮੈਂਟ ਕੈਂਪ ਆਯੋਜਿਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਭਲਕੇ ਲੱਗਣ ਵਾਲੇ ਕੈਂਪ ਵਿੱਚ ਵੱਖ-ਵੱਖ ਨਾਮੀ ਕੰਪਨੀਆਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਵਿੱਚ ਕੋਸਮੋ ਹਸਪਤਾਲ, ਵਾਸਟ ਲਿੰਕਰਜ/ਐਕਸਿਸ ਬੈਂਕ, ਸੱਤਿਆ ਮਾਈਕਰੋ ਕੈਪੀਟਲ ਲਿਮਟਿਡ, ਏਅਰਟੈਲ/ਕੁਐਸ ਕਾਰਪ, ਏਸ਼ੀਅਨ ਕਰੇਨ, ਸਿਕਿਉਰਡ ਇੰਜੀਨੀਅਰ ਪ੍ਰਾ: ਲਿ: ਆਦਿ ਸ਼ਾਮਲ ਹਨ।

ਇਸ ਪਲੇਸਮੈਂਟ ਕੈਂਪ ਵਿੱਚ ਲੜਕੇ ਅਤੇ ਲੜਕੀਆਂ ਦੋਨੋ ਭਾਗ ਲੈ ਸਕਦੇ ਹਨ ਜਿਨ੍ਹਾਂ ਦੀ ਉਮਰ 18 ਤੋਂ 35 ਸਾਲ ਹੋਵੇ ਅਤੇ ਘੱਟ ਤੋਂ ਘੱਟ ਯੋਗਤਾ 12ਵੀ, ਆਈ.ਟੀ.ਆਈ., ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ), ਪੋਸਟ ਗ੍ਰੈਜੂਏਸ਼ਨ (ਇਸਦੇ ਬਰਾਬਰ ਹੋਰ) ਪਾਸ ਕੀਤਾ ਹੋਵੇ, ਭਾਗ ਲੈ ਸਕਦੇ ਹਨ। ਡੀ.ਬੀ.ਈ.ਈ. ਲੁਧਿਆਣਾ ਦੇ ਡਿਪਟੀ ਡਾਇਰੈਕਟਰ ਸ਼?ਰੀਮਤੀ ਮਿਨਾਕਸ਼ੀ ਸ਼ਰਮਾ ਵੱਲੋਂ ਉਮੀਦਵਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਮੌਕੇ ਦਾ ਵੱਧ ਤੋਂ ਵੱਧ ਲਾਹਾ ਲਿਆ ਜਾਵੇ ਅਤੇ ਉਨ੍ਹਾਂ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਸ ਕੈਂਪ ਵਿੱਚ ਭਾਗ ਲੈਣ ਵਾਲੇ ਪ੍ਰਾਰਥੀਆਂ ਦੀ ਰਜਿਸਟ?ਰੇਸ਼ਨ ਹੋਣਾ ਜ਼ਰੂਰੀ ਹੈ, ਜਿਨ੍ਹਾਂ ਪ੍ਰਾਰਥੀਆਂ ਦੀ ਰਜਿਸਟ?ਰੇਸ਼ਨ ਨਹੀਂ ਹੋਈ ਹੈ, ਉਹ ਪ੍ਰਾਰਥੀ ਆਪਣੇ ਸਾਰੇ ਅਸਲ ਸਰਟੀਫਿਕੇਟ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਅਤੇ ਇਹਨਾਂ ਦੀਆਂ ਫੋਟੋ ਕਾਪੀਆਂ ਨਾਲ ਲਿਆਉਣ ਤਾਂ ਜੋ ਪ੍ਰਾਰਥੀਆਂ ਦੀ ਮੌਕੇ ਤੇ ਹੀ ਰਜਿਸਟ?ਰੇਸ਼ਨ ਕੀਤੀ ਜਾ ਸਕੇ।ਪ੍ਰਾਰਥੀ ਆਪਣਾ ਬਾਇਉ ਡਾਟਾ ਵੀ ਨਾਲ ਲੈ ਕੇ ਇਸ ਕੈਂਪ ਵਿੱਚ ਸ਼ਮੂਲਿਅਤ ਕਰਨ। ਡੀ.ਬੀ.ਈ.ਈ. ਦੇ ਰੋਜ਼ਗਾਰ ਜਨਰੇਸ਼ਨ ਅਤੇ ਟ?ਰੇਨਿੰਗ ਅਫਸਰ ਮਿਸ ਸੁਖਮਨ ਮਾਨ ਨੇ ਦੱਸਿਆ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਪ੍ਰਾਰਥੀ ਇਸ ਦਫਤਰ ਦੇ ਹੈਲਪਲਾਈਨ ਨੰ: 77400-01682 'ਤੇ ਵੀ ਸੰਪਰਕ ਕਰ ਸਕਦਾ ਹੈ।




# ਸਾਵਣ ਅਸ਼ਟਮੀ ਮੇਲੇ ਦੌਰਾਨ ਕੀਤੇ ਜਾਣਗੇ ਸੁਚਾਰੂ ਪ੍ਰਬੰਧ-: ਐਸ ਡੀ ਐਮ ਮਨੀਸ਼ਾ ਰਾਣਾ





**• ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**

ਉੱਤਰੀ ਭਾਰਤ ਦੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਨੈਣਾ ਦੇਵੀ ਹਿਮਾਚਲ ਪ੍ਰਦੇਸ਼ ਜਾਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਮੇਲਾ ਸਾਵਣ ਅਸ਼ਟਮੀ ਮੌਕੇ ਵਿਸ਼ੇਸ ਸਫਾਈ ਅਭਿਆਨ ਸੁਰੂ ਕੀਤਾ ਜਾ ਰਿਹਾ ਹੈ। ਫੋਗਿੰਗ ਦੇ ਨਾਲ ਨਾਲ ਲਾਰਵਾਸਾਈਡ ਸਪਰੇਅ ਕਰਵਾਇਆ ਜਾ ਰਿਹਾ ਹੈ। ਇਲਾਕਾ ਵਾਸੀਆਂ ਨੂੰ ਡੇਂਗੂ ਅਤੇ ਮਲੇਰੀਆ ਤੋ ਬਚਾਅ ਲਈ ਜਰੂਰੀ ਸਾਵਧਾਨੀਆਂ ਅਪਨਾਉਣ ਨੂੰ ਯਕੀਨੀ ਬਣਾਉਣ ਲਈ ਕਿਹਾ ਹੈ। ਇਹ ਪ੍ਰਗਟਾਵਾ ਮਨੀਸ਼ਾ ਰਾਣਾ ਆਈ.ਏ.ਐਸ ਉਪ ਮੰਡਲ ਮੈਜਿਸਟ?ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਅੱਜ ਇੱਥੇ ਕੀਤਾ। ਉਨ੍ਹਾਂ ਨੇ ਦੱਸਿਆ ਕਿ ਨਗਰ ਕੌਂਸਲ ਦੀਆ ਟੀਮਾਂ ਵੱਖ ਵੱਖ ਖੇਤਰਾਂ ਵਿਚ ਇਹ ਅਭਿਆਨ ਚਲਾ ਰਹੀਆਂ ਹਨ। ਹਰ ਵਿਭਾਗ ਦੀ ਜਿੰਮੇਵਾਰੀ ਲਗਾਈ ਗਈ ਹੈ ਤਾਂ ਕਿ ਮੇਲਾ ਸਾਵਣ ਅਸ਼ਟਮੀ ਮੌਕੇ ਸ਼ਰਧਾਲੂਆਂ ਨੂੰ ਕੋਈ ਮੁਸ਼ਕਿਲ ਨਾ ਹੋਵੇ।ਉਨ੍ਹਾਂ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਵਿੱਚ ਮਾਤਾ ਸ੍ਰੀ ਨੈਣਾ ਦੇਵੀ ਮੇਲੇ ਮੌਕੇ ਵੱਡੀ ਗਿਣਤੀ ਸ਼ਰਧਾਲੂ ਸ੍ਰੀ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਦੇ ਰਸਤੇ ਆਉਦੇ ਜਾਂਦੇ ਹਨ, ਇਸ ਲਈ ਉਨ੍ਹਾਂ ਦੀ ਸਿਹਤ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪ੍ਰਸਾਸ਼ਨ ਅਗਾਓ ਤਿਆਰੀਆਂ ਕਰ ਰਿਹਾ ਹੈ।

## ■ ਸ਼ਰਧਾਲੂਆਂ ਦੀ ਸਹੂਲਤ ਲਈ ਸ੍ਰੀ ਅਨੰਦਪੁਰ ਸਾਹਿਬ ਵਿੱਚ ਸਫਾਈ ਅਭਿਆਨ ਜਾਰੀ : ਹਰਬਖਸ਼ ਸਿੰਘ

ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਸ਼ਹਿਰੀ ਖੇਤਰ ਵਿੱਚ ਵਿਸ਼ੇਸ ਸਾਵਧਾਨੀਆਂ ਵਰਤੀਆ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਖੇਤਰ ਵਿੱਚ ਫੋਗਿੰਗ ਤੇ ਲਾਰਵਾਸਾਈਡ ਸਪਰੇਅ ਕਰਨ ਵਿੱਚ ਕੋਈ ਢਿੱਲ ਨਹੀ ਵਰਤੀ ਜਾ ਰਹੀ ਅਤੇ ਇਸ ਦਾ ਸ਼ਡਿਊਲ ਤਿਆਰ ਕਰਕੇ ਹਰ ਘਰ ਤੱਕ ਪਹੁੰਚ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਸਮੁੱਚੇ ਇਲਾਕੇ ਦੀ ਨਿਰੰਤਰ ਸਫ਼ਾਈ ਯਕੀਨੀ ਬਣਾਈ ਜਾ ਰਹੀ ਹੈ।

ਗਲੀਆਂ, ਨਾਲੀਆਂ ਦੀ ਸਫਾਈ, ਗੰਦੇ ਪਾਣੀ ਨਿਕਾਸੀ ਅਤੇ ਪਾਣੀ ਦਾ ਛਿੜਕਾਓ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਹਰ ਖੇਤਰ ਵਿੱਚ ਚੌਕਸੀ ਵਧਾਉਂਦੇ ਹੋਏ ਜਨਤਕ ਤੇ ਵਪਾਰਕ ਸੰਸਥਾਨਾਂ, ਸਰਕਾਰੀ ਦਫ਼ਤਰਾਂ ਆਦਿ ਵਿੱਚ ਲਾਰਵੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਲਾਰਵਾ ਪਾਏ ਜਾਣ 'ਤੇ ਚਲਾਨ ਕੱਟੇ ਜਾ ਰਹੇ ਹਨ। ਕਾਰਜ ਸਾਧਕ ਅਫਸਰ ਨੇ ਕਿਹਾ ਕਿ ਆਪਣੇ ਘਰਾਂ ਅਤੇ ਵਪਾਰਕ ਅਦਾਰਿਆ ਦੇ ਆਲੇ ਦੁਆਲੇ ਸਵੱਛਤਾ ਨੂੰ ਕਾਇਮ ਰੱਖਣਾ ਸਾਡੀ ਸਮਾਜਿਕ ਜਿੰਮੇਵਾਰੀ ਹੈ।ਇਸ ਨੂੰ ਆਪਣਾ ਫਰਜ਼ ਸਮਝ ਕੇ ਸਵੱਛਤਾ ਨੂੰ ਅਪਨਾਉਣਾ ਚਾਹੀਦਾ ਹੈ। ਕਾਰਜ ਸਾਧਕ ਅਫਸਰ ਨੇ ਦੱਸਿਆ ਕਿ ਅਜਾਦੀ ਦਿਹਾੜੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਐਸ.ਜੀ.ਐਸ ਖਾਲਸਾ ਸਕੂਲ ਦੇ ਗਰਾਊਡ ਅਤੇ ਰਸਤਿਆਂ ਦੀ ਲਗਾਤਾਰ ਸਫਾਈ ਕਰਵਾਈ ਜਾ ਰਹੀ ਹੈ।

# ਮਨੀਪੁਰ ਦੀਆਂ ਘਟਨਾਵਾਂ ਨੂੰ ਲੈਕੇ ਭਰਾਤਰੀ ਜਥੇਬੰਦੀਆਂ ਵੱਲੋਂ ਰੋਸ ਮਾਰਚ 7 ਨੂੰ



**• ਸ਼ੇਰਪੁਰ**

ਕੁਦਰਤ ਮਾਨਵ ਕੇਂਦਰਿਤ ਲੋਕ ਲਹਿਰ ਸ਼ੇਰਪੁਰ ਇਕਾਈ ਦੇ ਸੱਦੇ ’ ਤੇ ਇਲਾਕਾ ਸ਼ੇਰਪੁਰ ਦੀਆਂ ਸਮੁੱਚੀਆਂ ਇਨਸਾਫ਼ ਪਸੰਦ ਜਥੇਬੰਦੀਆਂ ਦੀ ਇੱਕ ਵਿਸ਼ੇਸ਼ ਮੀਟਿੰਗ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮਨੀਪੁਰ ਰਾਜ ਵਿਚ ਔਰਤਾਂ ਉੱਤੇ ਹੋਏ ਹਿਰਦੇਵੇਧਕ ਅੱਤਿਆਚਾਰ ਦੇ ਵਿਰੋਧ ’ਚ ਸ਼ੇਰਪੁਰ ਦੀਆਂ ਗਲੀਆਂ ਅਤੇ ਬਾਜ਼ਾਰਾਂ ਵਿਚ ਰੋਸ ਮਾਰਚ ਕਰਨ ਸਬੰਧੀ ਵਿਚਾਰ ਕੀਤਾ ਗਿਆ। ਸ਼ਾਮਲ ਜਥੇਬੰਦੀਆਂ ਦੀ ਤਾਲ ਮੇਲ ਕਮੇਟੀ ਬਣਾਈ ਗਈ , ਜਿਸ ਵਿਚ ਮੁੱਖ ਤੌਰ ’ ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ( ਧਨੇਰ) ਦੇ ਗੁਰਪ੍ਰੀਤ ਸਿੰਘ ਛੰਨਾਂ , ਡੈਮੋਕਰੇਟਿਕ ਟੀਚਰਜ਼ ਫਰੰਟ ਮਾ. ਮਹਿੰਦਰ ਪ੍ਰਤਾਪ , ਜਮਹੂਰੀ ਅਧਿਕਾਰ ਸਭਾ ਦੇ ਸੁਖਚੈਨ ਸਿੰਘ ਕਲੇਰਾਂ, ਪੈਨਸ਼ਨਰਜ਼ ਯੂਨੀਅਨ ਦੇ ਮਾ.ਵੇਦ ਸਿੰਘ ਸਿੱਧੂ , ਮੈਡੀਕਲ ਪ੍ਰੈਕਟੀਸ਼ਨਰਜ਼ ਯੂਨੀਅਨ ਦੇ ਡਾ. ਹਰਦੀਪ ਸਿੰਘ , ਲੋਕ ਚੇਤਨਾ ਮੰਚ ਧੂਰੀ ਦੇ ਨਰਿੰਦਰ ਨਿੰਦੀ , ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਗੁਰਪ੍ਰੀਤ ਸਿੰਘ ਖੇੜੀ, ਬਲਾਕ ਕਾਂਗਰਸ ਪਾਰਟੀ ਦੇ ਜਸਵੀਰ ਸਿੰਘ ਖੇੜੀ ਅਤੇ ਸਾਬਕਾ ਸਰਪੰਚ ਜਸਮੇਲ ਸਿੰਘ ਬੜੀ, ਅੰਬੇਡਕਰ ਕਮੇਟੀ ਦੇ ਦਰਸ਼ਨ ਸਿੰਘ ਬਾਜਵਾ, ਪੰਜਾਬ ਸਟੂਡੈਂਟ ਯੂਨੀਅਨ ਦੇ ਬੇਅੰਤ ਸਿੰਘ , ਸਾਹਿਤ ਸਭਾ ਸ਼ੇਰਪੁਰ ਦੇ ਸੁਖਦੇਵ ਸਿੰਘ ਔਲਖ , ਬੀ.ਐਸ. ਪੀ. ਦੇ ਮੇਜਰ ਸਿੰਘ ਖੇੜੀ, ਖੇਤੀਬਾੜੀ ’ਤੇ ਕਿਸਾਨ ਵਿਕਾਸ ਫਰੰਟ ਦੇ ਕੇਸਰ ਸਿੰਘ ਗਰੇਵਾਲ ਸ਼ਾਮਲ ਸਨ। ਸਮੂਹਿਕ ਤੌਰ ਤੇ ਇਹ ਫੈਸਲਾ ਕੀਤਾ ਗਿਆ ਕਿ 7 ਅਗਸਤ , ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਉਪਰੋਕਤ ਦੇ ਸੰਬੰਧ ਵਿੱਚ ਰੋਸ ਮਾਰਚ ਕੀਤਾ ਜਾਵੇਗਾ ਅਤੇ ਦੋਸ਼ੀਆਂ ਨੂੰ ਮਿਸਾਲੀ ਸਜਾਵਾਂ ਦੇਣ ਦੀ ਮੰਗ ਕੀਤੀ ਜਾਵੇਗੀ ।ਕੁਦਰਤ ਮਾਨਵ ਕੇਂਦਰਿਤ ਲੋਕ ਲਹਿਰ ਦੇ ਕਨਵੀਨਰ ਸੰਦੀਪ ਸਿੰਘ ਨੇ ਮੀਟਿੰਗ ਵਿੱਚ ਪਹੁੰਚੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ।

# ਮੈਡੀਕਲ ਟੀਮ ਵਲੋਂ ਕਾਂਹਨਾ, ਜੈਨਪੁਰ, ਉਗਰਾ ਪਿੰਡਾਂ ’ਚ ਡੇਂਗੂ ਤੋਂ ਬਚਾਅ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ



**• ਦੋਰਾਂਗਲਾ, ਰਾਕੇਸ਼ ਜੀਵਨ ਚੱਕ**

ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਸਿੰਘ ਮਾਂਡੀ ਦੀਆਂ ਹਦਾਇਤਾਂ ਅਨੁਸਾਰ ਅਤੇ ਐਸ ਐਮ ਓ ਬਹਿਰਾਮਪੁਰ ਡਾ ਬਰਿਜੇਸ਼ ਸਿੰਘ ਦੇ ਹੁਕਮਾਂ ਤਹਿਤ ਪਿੰਡ ਕਾਂਹਨਾ ,ਜੈਨਪੁਰ,ਉਗਰਾ ਵਿੱਚ ਡੇਂਗੂ ਤੋਂ ਬਚਾਅ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਇਹਨਾਂ ਪਿੰਡ ਦੇ ਆਲੇ ਦੁਆਲੇ ਸਪਰੇਅ ਕਰਵਾਈ ਗਈ ।ਸਪਰੇਅ ਦੌਰਾਨ ਜਿਸ ਸਥਾਨ ਤੇ ਬ੍ਰੀਡਿੰਗ ਮਿਲੀ ਉਸ ਨੂੰ ਮੌਕੇ ਤੇ ਹੀ ਨਸਟ ਕੀਤਾ ਗਿਆ । ਇਸ ਸਮੇਂ ਐਮ ਪੀ ਐਚ ਡਬਲਯੂ ਮੇਲ ਵਲੋਂ ਘਰ-ਘਰ ਪਹੁੰਚ ਕੇ ਕਲੋਰੀਨ ਦੀਆਂ ਗੋਲੀਆਂ ਫ?ਰੀ ਵਿੱਚ ਵੱਡੀਆਂ ਗਈਆ ਅਤੇ

**■ ਐਸ ਐਮ ਓ ਡਾ ਬਰਿਜੇਸ਼ ਸਿੰਘ ਵਲੋ ਮੌਕੇ ਤੇ ਪਹੁੰਚ ਕੇ ਚਲਦੇ ਕੰਮ ਨੂੰ ਚੈੱਕ ਕੀਤਾ ਅਤੇ ਕੰਮ ਤਸੱਲੀਬਖ਼ਸ਼ ਪਾਇਆ**

ਇਸ ਨੂੰ ਇਸਤੇਮਾਲ ਕਰਨ ਦੀ ਵਿਧੀ ਵਿਸਥਾਰ ਪੂਰਵਕ ਦੱਸੀ ਗਈ । ਇਸ ਤੋਂ ਇਲਾਵਾ ਹਰ ਘਰ ਚ ਪਹੁੰਚ ਕੇ ਕੂਲਰਾਂ,ਗਮਲੇਆਂ ,ਟਾਇਰਾਂ,ਡਰੰਮਾਂ ਆਦਿ ਨੂੰ ਵੀ ਚੈੱਕ ਕੀਤਾ ਗਿਆ ਅਤੇ ਜਿਸ ਵੀ ਸਥਾਨ ਤੇ ਰੁਕਿਆ ਪਾਣੀ ਮਿਲਿਆ ਉਸ ਨੂੰ ਨਸਟ ਕੀਤਾ ਗਿਆ । ਇਸ ਸਮੇਂ ਐਸ ਐਮ ਓ ਡਾ ਬਰਿਜੇਸ਼ ਸਿੰਘ ਪੀ ਐਚ ਸੀ ਬਹਿਰਾਮਪੁਰ ਵਲੋਂ ਮੈਡੀਕਵਅਫਸਰ ਡਾ ਜੋਤਪਾਲ ਸਿੰਘ ਦੇ ਸਹਿਯੋਗ ਨਾਲ ਮੌਕੇ ਤੇ ਆਪ ਪਹੁੰਚ ਕੇ ਚਲਦੇ ਕੰਮ ਦੀ ਚੈਕਿੰਗ ਕੀਤੀ ਗਈ ,ਚੈਕਿੰਗ ਦੌਰਾਨ ਸਮੂਹ ਸਿਹਤ ਮੁਲਾਜ਼ਮਾਂ ਦਾ ਕੰਮ ਤਸੱਲੀਬਖਸ ਪਾਇਆ ਗਿਆ । ਇਸ ਦੀ ਸੁਪਰਵਾਈਜ਼ਨ ਸੁਖਵਿੰਦਰ ਸਿੰਘ ਐਚ ਆਈ ,ਸੁਖਦੇਵ ਸਿੰਘ ਐਚ ਆਈ ,ਸੰਤੋਖ ਰਾਜ ਐਚ ਆਈ ਵਲੋਂ ਕੀਤੀ ਗਈ । ਇਸ ਤੋ ਇਲਾਵਾ ਐਮ ਪੀ ਐਚ ਡਬਲਯੂ ਰਾਕੇਸ਼ ਕੁਮਾਰ,ਆਲਮਵੀਰ ਸਿੰਘ,ਦਲਜੀਤ ਸਿੰਘ ,ਨਰਿੰਦਰ ਸਿੰਘ,ਬ੍ਰੀਡਿੰਗ ਚੈਕਰ ਕਮਲ ਕੁਮਾਰ,ਦੀਪਕ ਕੁਮਾਰ,ਪਾਈਲਟ ਸੁਰਿੰਦਪਾਲ ਆਦਿ ਵਲੋਂ ਡਿਊਟੀ ਨਿਭਾਈ ।

# ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਦੀ 31ਵੀਂ ਬਰਸੀ ਨੂੰ ਸਮਰਪਿਤ ਜੋ ਪ੍ਰੋਗਰਾਮ ਚਲਾਏ

**• ਅੰਮ੍ਰਿਤਸਰ**

ਭਗਤ ਪੂਰਨ ਸਿੰਘ ਬਾਨੀ ਪਿੰਗਲਵਾੜਾ ਦੀ 31ਵੀਂ ਬਰਸੀ ਨੂੰ ਸਮਰਪਿਤ ਜੋ ਪ੍ਰੋਗਰਾਮ ਚਲਾਏ ਜਾ ਰਹੇ ਹਨ, ਉਨ੍ਹਾਂ ਦੀ ਲੜੀ ਤਹਿਤ ਅੱਜ ਮਿਤੀ 03 ਅਗਸਤ, 2023 ਫਿਰ ਸ.ਸ.ਸ.ਸ. ਮਾਡਰਨ ਸਕੂਲ, ਬਟਾਲਾ ਰੋਡ ਅੰਮ੍ਰਿਤਸਰ ਦੇ ਵਿਦਿਅਕ ਭਵਨ ਆਡੀਟੋਰੀਅਮ ਵਿੱਚ ਗੁਰਮਤਿ ਫਲਸਫੇ ਦੇ ਅਲੱਗ-ਅਲੱਗ ਪਹਿਲੂਆਂ ਬਾਰੇ ਸੈਮੀਨਾਰ ਤੇ ਵਿਚਾਰ ਗੋਸ਼ਟੀ ਕਰਵਾਈ ਗਈ। ਇਸ ਸੈਮੀਨਾਰ ਤੇ ਵਿਚਾਰ ਗੋਸ਼ਟੀ ਵਿੱਚ ਪਹੁੰਚੇ ਮਹਿਮਾਨਾਂ ਤੇ ਸਰੋਤਿਆਂ ਦਾ ਪਿੰਗਲਵਾੜਾ ਸੰਸਥਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਨੇ ਜੀ ਆਇਆਂ ਆਖਦੇ ਹੋਏ ਕਿਹਾ ਕਿ ਅਜੋਕੇ ਸਮਾਜ ਨੂੰ ਜੇਕਰ ਨਰੋਆ ਸਿਰਜਣਾ ਹੈ ਤਾਂ ਅੱਜ ਬਹੁਤ ਵੱਡੀ ਜ਼ਰੂਰਤ ਹੈ ਕਿ ਗੁਰਬਾਣੀ ਤੋਂ ਸੇਧ ਲਈ ਜਾਵੇ। ਉਹਨਾਂ ਕਿਹਾ ਕਿ ਭਗਤ ਪੂਰਨ ਸਿੰਘ ਜੀ ਨੇ ਆਪਣੇ ਸ਼ਬਦਾਂ ਵਿੱਚੋਂ ਆਪਣੇ ਜੀਵਨ ਨੂੰ ਗੁਰਬਾਣੀ ਅਨੁਸਾਰ ਜੀਵਿਆ ਹੈ।

ਇਸ ਸੈਮੀਨਾਰ ਦੀ ਆਰੰਭਤਾ ਵਿੱਚ ਡਾ. ਇੰਦਰਜੀਤ ਸਿੰਘ ਗੋਗੋਆਣੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਂਝੀਵਾਲਤਾ ਦਾ ਪ੍ਰਤੀਕ ਹੈ, ਲੋੜ ਹੈ ਮਨੁੱਖਤਾ, ਇਸ ਤੋਂ ਜੀਵਨ ਜਾਚ ਸਿੱਖੇ, ਉਹਨਾਂ ਪਿੰਡਾਂ ਆਦਿ ਵਿੱਚ ਚੱਲਦੇ ਜਾਤ ਪ੍ਰਥਾ ਉੱਪਰ ਗੁਰਦੁਆਰਿਆਂ ਦੀ ਗਿਣਤੀ ਤੇ ਚਿੰਤਾ ਪ੍ਰਗਟਾਈ। ਇਸ ਉਪਰੰਤ ਗਿਆਨੀ ਬਲਜੀਤ ਸਿੰਘ ਜੀ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਕਿਹਾ ਕਿ ਗੁਰਬਾਣੀ ਤੋਂ ਅਗਵਾਈ ਲੈਣ ਦੀ ਤੇ ਗੁਰਬਾਣੀ ਦੇ ਮਾਰਗ ਲਈ ਬਾਣੀ ਦੇ ਕਹਿ ਮੁਤਾਬਕ ਚੱਲਣ ਦੀ ਬਹੁਤ ਜ਼ਿਆਦਾ ਲੋੜ ਹੈ।





ਡਾ. ਸਤੁਤੀ ਮਲਹੋਤਰਾ ਨੇ ਸਰੋਤਿਆਂ ਸਾਹਮਣੇ ਆਪਣੇ ਵਿਚਾਰ ਰੱਖਦੇ ਹੋਏ ਭਗਤ ਪੂਰਨ ਸਿੰਘ ਜੀ ਦੀ ਜੀਵਨੀ ਅਤੇ ਗੁਰਮਤਿ ਫਿਲਾਸਫੀ ਨੂੰ ਬੜੇ ਸੁਚੱਜੇ ਢੰਗ ਨਾਲ ਬਿਆਨਿਆ। ਇਸ ਉਪਰੰਤ ਸ. ਹਮੀਰ ਸਿੰਘ ਉੱਘੇ ਲੇਖਕ ਅਤੇ ਵਾਰਤਾਕਾਰ ਨੇ ਗੁਰਦੁਆਰਿਆਂ ਦੀ ਮੌਜੂਦਾ ਸਥਿਤੀ ਤੋਂ ਜਾਣੂੰ ਕਰਵਾਇਆ ਅਤੇ ਅਫਸੋਸ ਪ੍ਰਗਟ ਕੀਤਾ ਕਿ ਅਸੀਂ ਕਈ ਥਾਵਾਂ ਤੇ ਗੁਰਬਾਣੀ ਤੋਂ ਸੇਧ ਨਾ ਲੈਣ ਕਰਕੇ ਭਟਕ ਰਹੇ ਹਾਂ, ਡਾ. ਵਰਿੰਦਰਪਾਲ ਸਿੰਘ ਭੂ-ਵਿਗਿਆਨੀ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਭਗਤ ਜੀ ਦੀ ਜੀਵਨ ਦੇ ਕੁੱਝ ਨਾ ਭੁਲਣ ਵਾਲੇ ਪਲਾਂ ਨੂੰ ਸਾਂਝੇ ਕਰਦੇ ਹੋਏ ਕਿਹਾ ਕਿ ਉਹ ਸਹੀ ਅਰਥਾਂ ਵਿੱਚ ਭਗਤ ਸਨ ਅਤੇ ਉਹਨਾਂ ਵਰਗੇ ਦਰਵੇਸ਼ ਪੁਰਸ਼ ਕਈ ਸਦੀਆਂ ਬਾਅਦ ਹੀ ਪੈਦਾ ਹੁੰਦੇ ਹਨ। ਇਸ ਉਪਰੰਤ ਡਾ. ਮਹਿਲ ਸਿੰਘ, ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਨੇ ਆਪਣੀ ਪ੍ਰਧਾਨਗੀ ਸੰਬੋਧਨ ਵਿੱਚ ਸੈਮੀਨਾਰ ਦੇ ਪਹਿਲੇ ਸੈਸ਼ਨ ਦੇ ਸਮਾਪਨ ਵੱਲ ਵੱਧਦੇ ਹੋਏ ਕਿਹਾ ਕਿ ਅੱਜ ਦਾ ਸੈਮੀਨਾਰ ਪਿੰਗਲਵਾੜਾ ਸੰਸਥਾ ਦੀ ਬਹੁਤ ਵਧੀਆ ਉਪਰਾਲਾ ਹੈ ਅਤੇ ਅਜਿਹੇ ਸੈਮੀਨਾਰ ਦੇਸ਼ ਅਤੇ ਸਮਾਜ ਅੰਦਰ ਜਾਗਰੂਕਤਾ ਪੈਦਾ ਕਰਨਗੇ।

ਸੈਸ਼ਨ ਵਿੱਚ ਡਾ. ਇੰਦਰਜੀਤ ਕੌਰ ਅਤੇ ਅਮਰਦੀਪ ਸਿੰਘ ਜਿੰਨ੍ਹਾਂ ਨੇ ਵੱਖ-ਵੱਖ ਦੇਸ਼ ਵਿੱਚ ਘੁੰਮ ਕੇ ਗੁਰੂ ਨਾਨਕ ਦੇਵ ਜੀ ਦੀਆਂ ਪੈੜਾਂ ਨੂੰ ਬੜੇ ਸੁਚੱਜੇ ਢੰਗ ਢੰਗ ਨਾਲ ਪੁਸਤਕਾਂ ‘ਦਿ ਲੋਸਟ ਹੈਰੀਟੇਜ਼: ਦੀ ਸਿੱਖ ਲੀਗੇਸੀ ਇਨ ਪਾਕਿਸਤਾਨ ਅਤੇ ਦੀ ਕੁਅਸਟ ਕੌਨੀਟੀਨਿਊਜ਼ ਲੋਸਟ ਹੈਰੀਟੇਜ਼: ਦੀ ਸਿੱਖ ਲੀਗੈਸੀ ਇਨ ਪਾਕਿਸਤਾਨ ਨਾਲ ਇਕ ਵਿਚਾਰ ਗੋਸ਼ਟੀ ਰਚਾਈ ਗਈ, ਇਸ ਵਿਚਾਰ ਗੋਸ਼ਟੀ ਵਿੱਚ ਡਾ. ਇੰਦਰਜੀਤ ਕੌਰ ਜੀ ਦੇ ਸਵਾਲਾਂ ਦੇ ਜੁਆਬ ਪੁਸਤਕਾਂ ਦੇ ਲੇਖਕ ਅਮਰਦੀਪ ਸਿੰਘ ਜੀ ਨੇ ਬੜੇ ਠਰੰਮੇ ਅਤੇ ਵਿਸਥਾਰ ਪੂਰਵਕ ਦਿੱਤੇ ।

ਜ਼ਿਕਰਯੋਗ ਹੈ ਕਿ ਅਮਰਦੀਪ ਸਿੰਘ ਜੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਹਾਂ ਤੇ ਚੱਲਦੇ ਹੋਏ 24 ਲੜੀਆਂ ਦੀ ਡਾਕੂਮੈਂਟਰੀ ਫਿਲਮ ਵੀ ਬਣਾਈ ਗਈ ਹੈ। ਵੇਰਵੇਯੋਗ ਹੈ ਕਿ ਅਮਰਦੀਪ ਸਿੰਘ ਜੀ ਦੀਆਂ ਇਹਨਾਂ ਵਿਲੱਖਣ ਸੇਵਾਵਾਂ ਕਰਕੇ ਉਹਨਾਂ ਨੂੰ ਉਹਨਾਂ ਦੀ ਧਰਮਪਤਨੀ ਵਿਨਿੰਦਰ ਕੌਰ ਅਤੇ ਟੀਮ ਨੂੰ 5 ਅਗਸਤ ਨੂੰ ਭਗਤ ਪੂਰਨ ਸਿੰਘ ਜੀ ਦੀ ਬਰਸੀ ਵਾਲੇ ਦਿਨ ਉਚੇਚੇ ਤੌਰ ਤੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਸਟੇਜ ਸੰਚਾਲਨ ਅਮਰਜੀਤ ਸਿੰਘ ਜੀ ਵੱਲੋਂ ਬਾਖੂਬੀ ਕੀਤਾ ਗਿਆ।

ਇਸ ਮੌਕੇ ਮੀਤ-ਪ੍ਰਧਾਨ ਡਾ. ਜਗਦੀਪਕ ਸਿੰਘ, ਮੁਖਤਾਰ ਸਿੰਘ ਗੋਰਾਇਆ ਆਨਰੇਰੀ ਸਕੱਤਰ, ਸ. ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ ,ਸ.ਹਰਜੀਤ ਸਿੰਘ ਅਰੋੜਾ ਮੈਂਬਰ ਪਿੰਗਲਵਾੜਾ, ਬੀਬੀ ਪ੍ਰੀਤਇੰਦਰਜੀਤ ਕੌਰ ਮੈਂਬਰ ਪਿੰਗਲਵਾੜਾ, ਕਰਨਲ ਦਰਸ਼ਨ ਸਿੰਘ ਬਾਵਾ ਪ੍ਰਸ਼ਾਸਕ ਪਰਮਿੰਦਰ ਸਿੰਘ ਭੱਟੀ ਸਹਿ-ਪ੍ਰਸ਼ਾਸਕ, ਸ. ਬਖਸ਼ੀਸ਼ ਸਿੰਘ ਡੀ.ਐਸ. ਪੀ (ਰਿਟਾ.) ਪ੍ਰਸ਼ਾਸਕ ਮਾਨਾਂਵਾਲਾ ਬ੍ਰਾਂਚ, ਡਾ.ਇੰਦਰਜੀਤ ਕੌਰ ਰੇਨੂ, ਮਿਸਜ ਗੁਰਦੀਪ ਕੌਰ ਬਾਵਾ, ਸੁਰਿੰਦਰ ਕੌਰ ਭੱਟੀ, ਹਰਮਿੰਦਰ ਕੌਰ.ਡਾ. ਸਿਆਮ ਸੁੰਦਰ ਦੀਪਤੀ ਮਿਸਜ਼ ਦੀਪਤੀ , ਰਜਿੰਦਰਪਾਲ ਸਿੰਘ, ਗੁਰਨਾਇਬ ਸਿੰਘ, ਡਾ. ਨਿਰਮਲ ਸਿੰਘ, ਡਾ. ਅਮਰਜੀਤ ਸਿੰਘ ਗਿੱਲ, ਪ੍ਰਿੰਸੀਪਲ ਨਰੇਸ਼ ਕਾਲੀਆ, ਪ੍ਰਿੰਸੀਪਲ ਦਲਜੀਤ ਕੌਰ, ਪਿੰ?ਰਸੀਪਲ ਅਨੀਤਾ ਬੱਤਰਾ, ਕੋਆਡੀਨੇਟਰ ਸੁਨੀਤਾ ਨਈਅਰ, ਨਰਿੰਦਰਪਾਲ ਸਿੰਘ ਸੋਹਲ, ਤਿਲਕ ਰਾਜ ਜਨਰਲ ਮੈਨੇਜਰ, ਹਰਪਾਲ ਸਿੰਘ ਸੰਧੂ ਕੇਅਰ ਟੇਕਰ, ਯੋਗੇਸ਼ ਸੂਰੀ ਪ੍ਰਿੰਸੀਪਲ ਲਖਵਿੰਦਰ ਕੌਰ, ਭਗਤ ਪੂਰਨ ਸਿੰਘ ਆਦਰਸ਼ ਸਕੂਲ ਦੇ ਵਿਦਿਆਰਥੀ, ਭਗਤ ਪੂਰਨ ਸਿੰਘ ਬੁੱਟਰ ਕਲਾਂ ਸਕੂਲ ਦੇ ਵਿਦਿਆਰਥੀ ਤੇ ਸਮੂਹ ਸਟਾਫ, ਸਾਹਿਬਜ਼ਾਦਾ ਜੁਝਾਰ ਸਿੰਘ ਗੁਰਮਤਿ ਮਿਸ਼ਨਰੀ ਕਾਲਜ ਚੌਤਾਂ ਕਲਾਂ ਦੇ ਵਿਦਿਆਰਥੀ ਅਤੇ ਵੱਖ-ਵੱਖ ਬ੍ਰਾਂਚਾਂ ਦੇ ਇੰਚਾਰਜ, ਸਮੂਹ ਸਕੂਲਾਂ ਦਾ ਸਟਾਫ ਆਦਿ ਹਾਜ਼ਰ ਸਨ।

# ਲੁਧਿਆਣਾ ਜ਼ਿਲ੍ਹੇ ਨੂੰ ਸਾਫ਼-ਸੁਥਰਾ, ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਠੋਸ ਉਪਰਾਲੇ ਕੀਤੇ ਜਾਣਗੇ : ਕਟਾਰੂਚੱਕ

## ਕੈਬਨਿਟ ਮੰਤਰੀ ਵੱਲੋਂ ਬੁੱਢਾ ਦਰਿਆ ਕਾਇਆ ਕਲਪ, ਪੌਦੇ ਲਗਾਉਣ ਅਤੇ ਹੋਰ ਮਹੱਤਵਪੂਰਨ ਪ੍ਰੋਜੈਕਟਾਂ ਦੀ ਸਮੀਖਿਆ

■ ਕਿਹਾ ! ਹਰੇਕ ਵਿਧਾਨ ਸਭਾ ਹਲਕੇ 'ਚ 50 ਹਜ਼ਾਰ ਪੌਦੇ ਲਗਾ ਕੇ ਹਰਿਆਵਲ ਵਧਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ



• ਲੁਧਿਆਣਾ/ਸੁਖਚੈਨ ਮਹਿਰਾ

ਪੰਜਾਬ ਦੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਵਲੋਂ ਜ਼ੋਰ ਦੇ ਕੇ ਕਿਹਾ ਗਿਆ ਕਿ ਲੁਧਿਆਣਾ ਜ਼ਿਲ੍ਹੇ ਨੂੰ ਸਾਫ਼-ਸੁਥਰਾ, ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਠੋਸ ਉਪਰਾਲੇ ਕੀਤੇ ਜਾਣਗੇ. ਇਸ ਮਿਸ਼ਨ ਦੀ ਪ੍ਰਾਪਤੀ ਤਹਿਤ ਜ਼ਿਲ੍ਹੇ ਵਿੱਚ ਪਹਿਲਾਂ ਹੀ ਵੱਖ-ਵੱਖ ਪ੍ਰੋਜੈਕਟ ਚੱਲ ਰਹੇ ਹਨ। ਸਥਾਨਕ ਬੱਚਤ ਭਵਨ ਵਿਖੇ ਵਿਧਾਇਕਾਂ ਅਤੇ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਮੁਖੀਆਂ ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਲਈ ਪ੍ਰਦੂਸ਼ਣ ਮੁਕਤ ਵਾਤਾਵਰਣ ਸਿਰਜਣ 'ਤੇ ਜ਼ੋਰ ਦੇ ਰਹੀ ਹੈ। ਇਸ ਮਿਸ਼ਨ ਤਹਿਤ ਲੁਧਿਆਣਾ ਵਿੱਚ ਹਰੇਕ ਵਿਧਾਨ ਸਭਾ ਹਲਕੇ ਵਿੱਚ 50,000 ਦੇ ਕਰੀਬ ਬੂਟੇ ਲਗਾਏ ਜਾਣਗੇ ਤਾਂ ਜੋ ਜ਼ਿਲ੍ਹੇ ਦੇ ਜੰਗਲਾਤ ਵਿੱਚ ਵਾਧਾ ਕੀਤਾ ਜਾ ਸਕੇ। ਇਸੇ ਤਰ੍ਹਾਂ ਤਿੰਨ ਰੁੱਖ ਪ੍ਰਤੀ ਟਿਊਬਵੈੱਲ ਸਕੀਮ ਵੀ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਹਰੇਕ ਟਿਊਬਵੈੱਲ ਦੇ ਆਲੇ-ਦੁਆਲੇ ਤਿੰਨ ਬੂਟੇ ਲਗਾਏ ਜਾਣਗੇ, ਇਸ ਮਿਸ਼ਨ ਤਹਿਤ ਜ਼ਿਲ੍ਹੇ ਦੇ ਹਰੇਕ ਪਿੰਡ ਵਿੱਚ 75 ਬੂਟੇ ਲਗਾਏ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸੁੰਦਰੀਕਰਨ ਪ੍ਰੋਜੈਕਟ ਤਹਿਤ ਲੁਧਿਆਣਾ-ਚੰਡੀਗੜ੍ਹ ਰੋਡ 'ਤੇ 5000 ਤੋਂ ਵੱਧ ਬੂਟੇ ਲਗਾਏ ਜਾਣਗੇ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਾਲ ਪੂਰੇ ਸੂਬੇ ਵਿੱਚ 1.25 ਕਰੋੜ ਤੋਂ ਵੱਧ ਬੂਟੇ ਲਗਾਏ ਜਾਣਗੇ ਤਾਂ ਜੋ ਪੰਜਾਬ ਵਿੱਚ ਜੰਗਲਾਤ ਦਾ ਘੇਰਾ ਵਧਾਇਆ ਜਾ ਸਕੇ। ਇਸ ਮੌਕੇ ਕੈਬਨਿਟ ਮੰਤਰੀ ਵਲੋਂ ਵਿਧਾਇਕ ਦਲਜੀਤ ਸਿੰਘ ਗਰੇਵਾਲ, ਮਦਨ ਲਾਲ ਬੱਗਾ, ਗੁਰਪ੍ਰੀਤ ਬੱਸੀ ਗੋਗੀ, ਹਰਦੀਪ ਸਿੰਘ ਮੁੰਡੀਆਂ, ਕੁਲਵੰਤ ਸਿੰਘ ਸਿੱਧੂ, ਤਰੁਨਪ੍ਰੀਤ ਸਿੰਘ ਸੌਂਦ, ਜਗਤਾਰ ਸਿੰਘ ਦਿਆਲਪੁਰਾ, ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ, ਲੁਧਿਆਣਾ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤਰਸੇਮ ਸਿੰਘ ਭਿੰਡਰ, ਚੇਅਰਮੈਨ ਨਵਜੋਤ ਸਿੰਘ ਜਰਗ ਅਤੇ ਸੁਰੇਸ਼ ਗੋਇਲ, ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਯਾਦਵਿੰਦਰ ਸਿੰਘ ਜੰਡਿਆਲੀ, ਸੀਨੀਅਰ ਆਪ ਆਗੂ ਡਾ.ਕੇ.ਐਨ.ਐਸ. ਕੰਗ ਤੋਂ ਇਲਾਵਾ ਹੋਰ ਸੀਨੀਅਰ ਅਧਿਕਾਰੀਆਂ ਦੇ ਨਾਲ ਬੁੱਢਾ ਦਰਿਆ ਦੇ ਚੱਲ ਰਹੇ ਕਾਇਆ ਕਲਪ ਪ੍ਰਾਜੈਕਟ ਦੀ ਸਮੀਖਿਆ ਕਰਦਿਆਂ ਜ਼ਿਲ੍ਹੇ ਵਿੱਚ ਸੀਵਰੇਜ ਟਰੀਟਮੈਂਟ ਪਲਾਂਟਾਂ ਦੀ ਉਸਾਰੀ ਦਾ ਜਾਇਜ਼ਾ ਲਿਆ। ਕੈਬਨਿਟ ਮੰਤਰੀ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਬੁੱਢਾ ਦਰਿਆ ਵਿੱਚ ਕੁੱਲ 765 ਐਮ.ਐਲ.ਡੀ. ਵੇਸਟ ਛੱਡਿਆ ਜਾ ਰਿਹਾ ਹੈ ਜਿਸ ਵਿੱਚ ਘਰੇਲੂ ਅਤੇ ਉਦਯੋਗਿਕ ਰਹਿੰਦ-ਖੂੰਹਦ ਵੀ ਸ਼ਾਮਲ ਹੈ। ਮੌਜੂਦਾ ਸੀਵਰੇਜ ਟਰੀਟਮੈਂਟ ਪਲਾਂਟਾਂ ਨੂੰ ਅਪਗ੍ਰੇਡ ਕਰਨ ਦੇ ਨਾਲ, ਜ਼ਿਲ੍ਹਾ ਲਗਭਗ 846 ਐਮ.ਐਲ.ਡੀ. ਰਹਿੰਦ-ਖੂੰਹਦ ਨੂੰ ਟ?ਰੀਟ ਕਰਨ ਦੇ ਯੋਗ ਹੋ ਜਾਵੇਗਾ, ਜੋ ਕਿ ਕੁੱਲ ਡਿਸਚਾਰਜ ਤੋਂ ਕਾਫੀ ਜ਼ਿਆਦਾ ਹੈ. ਇਸ ਪ੍ਰੋਜੈਕਟ 'ਤੇ 650 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਜ਼ਿਲ੍ਹਾ ਲੁਧਿਆਣਾ ਵਿੱਚ ਪ੍ਰਦੂਸ਼ਣ ਰਹਿਤ ਮਾਹੌਲ ਸਿਰਜਿਆ ਜਾਵੇਗਾ। ਕੈਬਨਿਟ ਮੰਤਰੀ ਵਲੋਂ ਪੀ.ਪੀ.ਸੀ.ਬੀ. ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਉਹ ਲੋਕਾਂ ਦੀਆਂ ਸ਼ਿਕਾਇਤਾਂ ਮਿਲਣ 'ਤੇ ਪ੍ਰਦੂਸ਼ਣ ਫੈਲਾਉਣ ਵਾਲਿਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਲਈ ਇੱਕ ਸੁਚਾਰੂ ਢੰਗ ਵਿਕਸਤ ਕਰਨ ਤਾਂ ਜੋ ਕੋਈ ਵੀ ਬੁੱਢਾ ਦਰਿਆ ਨੂੰ ਪ੍ਰਦੂਸ਼ਿਤ ਕਰਨ ਦੀ ਹਿੰਮਤ ਨਾ ਕਰ ਸਕੇ। ਇਸ ਤੋਂ ਪਹਿਲਾਂ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਸਾਰੇ ਪ੍ਰੋਜੈਕਟਾਂ ਨੂੰ ਨਿਰਧਾਰਿਤ ਸਮਾਂ ਸੀਮਾ ਵਿੱਚ ਮੁਕੰਮਲ ਕੀਤਾ ਜਾਵੇ ਤਾਂ ਜੋ ਸਵੱਛ, ਹਰਿਆ ਭਰਿਆ ਅਤੇ ਪ੍ਰਦੂਸ਼ਣ ਮੁਕਤ ਵਾਤਾਵਰਨ ਦਾ ਸੁਪਨਾ ਜਲਦ ਸਾਕਾਰ ਕੀਤਾ ਜਾ ਸਕੇ। ਆਮ ਆਦਮੀ ਕਲੀਨਿਕਾਂ ਦੇ ਕੰਮਕਾਜ ਦਾ ਜਾਇਜ਼ਾ ਲੈਂਦਿਆਂ ਸ੍ਰੀ ਕਟਾਰੂਚੱਕ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੇ ਫੇਜ਼-1 ਅਤੇ ਫੇਜ਼-2 ਅਧੀਨ ਕੁੱਲ 46 ਕਲੀਨਿਕ ਸਥਾਪਤ ਕੀਤੇ ਗਏ ਹਨ ਜਦੋਂਕਿ ਲੁਧਿਆਣਾ ਜ਼ਿਲ੍ਹੇ ਵਿੱਚ ਅਗਲੇ ਪੜਾਅ ਤਹਿਤ 31 ਨਵੇਂ ਕਲੀਨਿਕਾਂ ਦੀ ਤਜਵੀਜ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਕਲੀਨਿਕ ਲੋਕਾਂ ਨੂੰ ਮੁਫਤ ਓ.ਪੀ.ਡੀ. ਅਤੇ ਲੈਬ ਟੈਸਟਿੰਗ ਸੁਵਿਧਾਵਾਂ ਪ੍ਰਦਾਨ ਕਰਕੇ ਜ਼ਿਲ੍ਹੇ ਵਿੱਚ ਸਿਹਤ ਸੇਵਾਵਾਂ ਨੂੰ ਹੋਰ ਹੁਲਾਰਾ ਦੇਣਗੇ. ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਵਿੱਚ ਵੱਧ ਤੋਂ ਵੱਧ ਓ.ਪੀ.ਡੀ. ਮੁਹੱਈਆ ਕਰਵਾਉਣ ਦੇ ਮਾਮਲੇ ਵਿੱਚ ਲੁਧਿਆਣਾ ਜ਼ਿਲ੍ਹੇ ਨੇ ਸੂਬੇ ਵਿੱਚ ਪਹਿਲੇ ਸਥਾਨ ਦਾ ਦਾਅਵਾ ਕੀਤਾ ਹੈ।

ਕੈਬਨਿਟ ਮੰਤਰੀ ਜੋ ਕਿ ਲੁਧਿਆਣਾ ਜ਼ਿਲੇ ਦੇ ਇੰਚਾਰਜ ਵੀ ਹਨ, ਨੇ ਨਸ਼ਾ ਛੁਡਾਊ ਪ੍ਰੋਗਰਾਮ, ਸਮਾਰਟ ਸਿਟੀ ਪ੍ਰੋਜੈਕਟ, ਅਮਰੂਤ ਸਕੀਮ, ਪੌਦੇ ਲਗਾਉਣ ਦੀ ਮੁਹਿੰਮ, ਹੜ੍ਹ ਪ੍ਰਬੰਧਨ, ਵਿਕਾਸ ਪ੍ਰੋਜੈਕਟਾਂ, ਉੱਘੇ ਸਕੂਲਾਂ ਦੀ ਸਥਾਪਨਾ, ਰੁਜ਼ਗਾਰ ਪ੍ਰੋਗਰਾਮ ਅਤੇ ਮਿਡ-ਡੇ-ਮੀਲ ਸਕੀਮ ਸਮੇਤ ਵੱਖ-ਵੱਖ ਪ੍ਰੋਜੈਕਟਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਸੂਬਾ ਸਰਕਾਰ ਦੀਆਂ ਲੋਕ ਪੱਖੀ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ। ਉਨ੍ਹਾਂ ਕਿਹਾ ਕਿ ਇਹ ਜਨਤਾ ਅਤੇ ਸਰਕਾਰ ਦਰਮਿਆਨ ਪਾੜੇ ਨੂੰ ਵੀ ਪੂਰਾ ਕਰੇਗਾ ਕਿਉਂਕਿ ਮੁੱਖ ਮੰਤਰੀ ਨੇ ਇਸ ਟੀਚੇ ਦੀ ਪ੍ਰਾਪਤੀ ਲਈ ਪਹਿਲਾਂ ਹੀ 'ਸਰਕਾਰ ਤੁਹਾਡੇ ਦੁਆਰ' ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਸੁਰਭੀ ਮਲਿਕ, ਲੁਧਿਆਣਾ ਰੇਂਜ ਦੇ ਆਈਜੀ ਡਾ. ਕੌਸਤੁਭ ਸ਼ਰਮਾ, ਨਗਰ ਨਿਗਮ ਕਮਿਸ਼ਨਰ ਡਾ. ਸ਼ੇਨਾ ਅਗਰਵਾਲ, ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ, ਐਸ.ਐਸ.ਪੀਜ਼ ਅਮਨੀਤ ਕੋਂਡਲ ਅਤੇ ਨਵਨੀਤ ਸਿੰਘ ਬੈਂਸ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੁਖੀ ਵੀ ਹਾਜ਼ਰ ਸਨ।

# ਮਨੀਪੁਰ ਵਿੱਚ ਵਾਪਰੀਆਂ ਅਣਮਨੁਖੀ ਘਟਨਾਵਾਂ ਦੇ ਖਿਲਾਫ ਰਾਸ਼ਟਰਪਤੀ ਨੂੰ ਭੇਜਿਆ ਮੰਗ ਪੱਤਰ



• ਸ਼੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ

ਭਾਰਤੀ ਕਮਿਊਨਿਸਟ ਪਾਰਟੀ ਜਿਲਾ ਰੋਪੜ ਵੱਲ ਕਾਮਰੇਡ ਦਵਿੰਦਰ ਨੰਗਲੀ, ਹਰੀ ਚੰਦ ਗੋਲਨੀ, ਗੁਰਨਾਮ ਸਿੰਘ ਔਲਖ, ਬਖਤਾਵਰ ਸਿੰਘ, ਰਣਜੀਤ ਸਰਥਲੀ, ਗੁਰਨਾਮ ਸਿੰਘ ਔਲਖ, ਆਦਿ ਦੀ ਅਗਵਾਈ ਵਿਚ ਮਨੀਪੁਰ ਦੀਆਂ ਫਿਰਕੂ ਅਤੇ ਅਣਮਨੁਖੀ ਘਟਨਾਵਾਂ ਦੇ ਵਿਰੋਧ ਵਿਚ ਐਸ ਡੀ ਐਮ ਸ੍ਰੀ ਆਨੰਦਪੁਰ ਸਾਹਿਬ ਰਾਹੀਂ ਦੇਸ਼ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਿਆ ਗਿਆ। ਜਿਸ ਵਿਚ ਮਨੀਪੁਰ ਦੀਆਂ ਘਟਨਾਵਾਂ ਲਈ ਮਨੀਪੁਰ ਦੀ ਬਿਰੇਨ ਦੀ ਸਰਕਾਰ ਨੂੰ ਅਤੇ ਕੇਂਦਰ ਦੀ ਮੋਦੀ ਦੀ ਸਰਕਾਰ ਦੀਆਂ ਫਿਰਕੂ ਅਤੇ ਘੱਟ ਗਿਣਤੀਆਂ ਵਿਰੋਧੀ ਨੀਤੀਆਂ ਨੂੰ ਸਿਧੇ ਤੌਰ ਤੇ ਜਿਮੇਵਾਰ ਠਹਿਰਾਇਆ ਅਤੇ ਦਿਨ ਦਿਹਾੜੇ ਕਤਲੋਗਾਰਤ, ਬਲਾਤਕਰ, ਲਿੰਚਿੰਗ, ਔਰਤਾਂ ਤੇ ਨਗਨ ਹਾਲਤ ਵਿਚ ਅਣਮਨੁਖੀ ਤਸ਼ਦਦ ਆਦਿ ਦਾ ਮਹੀਨਿਆਂ ਬਧੀ ਜਾਰੀ ਰਹਿਣ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ। ਆਗੂਆਂ ਨੇ ਦੇਸ਼ ਦੇ ਰਾਸ਼ਟਰਪਤੀ ਤੋਂ ਮੰਗ ਕੀਤੀ ਕਿ ਮਨੀਪੁਰ ਦੀ ਬਿਰੇਨ ਸਰਕਾਰ ਨੂੰ ਫੌਰੀ ਤੌਰ ਤੇ ਬਰਖਾਸਤ ਕੀਤਾ ਜਾਏ ਅਤੇ ਮਨੀਪੁਰ ਵਿਚ ਰਾਸ਼ਟਰਪਤੀ ਰਾਜ ਲਾਗੂ ਕੀਤਾ ਜਾਏ, ਮਨੀਪੁਰ ਵਿਚ ਫਿਰਕੂ ਫਸਾਦ ਰੋਕੇ ਜਾਣ ਅਤੇ ਔਰਤਾਂ ਦੀ ਇਜਤ ਆਬਰੂ ਦੀ ਰਾਖੀ ਕੀਤੀ ਜਾਏ, ਲੋਕਾਂ ਦੀ ਜਾਨ ਅਤੇ ਮਾਲ ਦੀ ਰਾਖੀ ਕੀਤੀ ਜਾਏ, ਮੁਜਰਮਾਂ ਨੂੰ ਫੌਰੀ ਤੌਰ ਤੇ ਗ੍ਰਿਫਤਾਰ ਕੀਤਾ ਜਾਏ ਅਤੇ ਵਿਸ਼ੇਸ਼ ਅਦਾਲਤਾਂ ਰਾਹੀਂ ਸਖਤ ਸਜਾਵਾਂ ਦਿਤੀਆਂ ਜਾਣ, ਵਿਸ਼ੇਸ਼ ਤੌਰ ਤੇ ਔਰਤਾਂ ਤੇ ਜੁਲਮ ਕਰਨ ਵਾਲਿਆਂ ਨੂੰ ਫਾਹੇ ਲਾਇਆ ਜਾਏ। ਫਿਰਕੂ ਫਸਾਦਾਂ ਸਬੰਧੀ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਸਖਤ ਨੋਟਿਸ ਲਿਆ ਜਾਏ ਅਤੇ ਇਸ ਸਬੰਧੀ ਗ੍ਰਹਿ ਵਿਭਾਗ ਦੀ ਕਾਰਗੁਜਾਰੀ ਦੀ ਸਮੀਕਸ਼ਾ ਕੀਤੀ ਜਾਏ। ਉਜੜੇ ਹੋਏ ਲੋਕਾਂ ਦੇ ਵਸੇਬੇ ਦਾ ਫੌਰੀ ਤੌਰ ਤੇ ਪ੍ਰਬੰਧ ਕੀਤਾ ਜਾਏ, ਦੇਸ਼ ਵਿਚ ਔਰਤਾਂ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਹਮਲਿਆਂ ਤੋਂ ਕੇਂਦਰ ਦੀ ਮੋਦੀ ਸਰਕਾਰ ਨੂੰ ਸਚੇਤ ਕੀਤਾ ਜਾਏ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰੀ ਮਸ਼ੀਨਰੀ ਦਾ ਮੂਕ ਦਰਸ਼ਕ ਬਣ ਜਾਣਾ ਅਤੇ ਫਿਰਕੂ ਲੀਹਾਂ ਤੇ ਵੰਡ ਜਾਣ ਦੇ ਬਹੁਤ ਭਿਆਨਕ ਨਤੀਜੇ ਨਿਕਲ ਸਕਦੇ ਹਨ।

# ਖਾਲਸਾ ਕਾਲਜ ਇੰਜ਼ੀਨੀਅਰਿੰਗ ਸੂਬੇ ਦੇ 10 ਚੋਟੀ ਦੇ ਇੰਜ਼ੀਨੀਅਰਿੰਗ ਕਾਲਜਾਂ 'ਚ ਸ਼ਾਮਿਲ



• ਅੰਮ੍ਰਿਤਸਰ

ਖ਼ਾਲਸਾ ਕਾਲਜ ਆਫ਼ ਇੰਜ਼ੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਨੂੰ ਸੂਬੇ ਦੇ 10 ਚੋਟੀ ਦੇ ਇੰਜ਼ੀਨੀਅਰਿੰਗ ਕਾਲਜਾਂ ਦੀ ਸੂਚੀ 'ਚ ਸ਼ਾਮਿਲ ਕੀਤਾ ਗਿਆ ਹੈ। ਇਸ ਸਬੰਧੀ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਕਾਲਜ ਨੂੰ ਪੰਜਾਬ ਦੇ ਚੋਟੀ ਦੇ 10 ਵਧੀਆ ਇੰਜ਼ੀਨੀਅਰਿੰਗ ਕਾਲਜਾਂ 'ਚ ਸ਼ਾਮਿਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ 'ਓਪਨ' ਨਾਮਕ ਇਕ ਓਪਨ ਸੋਰਸ ਮੈਗਜ਼ੀਨ ਨੇ ਹਾਲ ਹੀ 'ਚ ਆਪਣੇ ਤਾਜ਼ਾ ਸਰਵੇਖਣ 'ਚ ਰਾਜ-ਵਾਰ ਸਰਵੋਤਮ ਇੰਜੀਨੀਅਰਿੰਗ ਕਾਲਜਾਂ ਦੀ ਸੂਚੀ ਪ੍ਰਕਾਸ਼ਿਤ ਕੀਤੀ ਹੈ, ਜਿਸ 'ਚ ਕਾਲਜ ਦੇ ਨਾਮ ਦਾ ਵੀ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਰਵੇਖਣ ਵੱਖ-ਵੱਖ ਕਾਰਕਾਂ ਜਿਵੇਂ ਕਿ ਉੱਚ ਯੋਗਤਾ ਪ੍ਰਾਪਤ ਫੈਕਲਟੀ, ਕਲਾ ਦਾ ਬੁਨਿਆਦੀ ਢਾਂਚਾ, ਅਧਿਆਪਨ ਸਿੱਖਿਆ, ਪਾਠਕ੍ਰਮ ਦੀ ਸੰਰਚਨਾ, ਇੰਟਰਨਸ਼ਿਪ, ਪਲੇਸਮੈਂਟ ਅਤੇ ਹੋਰ ਕਈ ਪਹਿਲੂਆਂ 'ਤੇ ਅਧਾਰਿਤ ਸੀ ਉਨ੍ਹਾਂ ਕਿਹਾ ਕਿ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਦੀ ਰਹਿਨੁਮਾਈ ਅਤੇ ਅਗਵਾਈ ਸਦਕਾ ਕਾਲਜ ਨੇ ਟੌਪ 10 ਦੀ ਸੂਚੀ 'ਚ ਥਾਂ ਬਣਾਈ ਹੈ, ਜੋ ਕਿ ਫ਼ਖਰ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਕਾਲਜ ਨੇ ਰਾਸ਼ਟਰੀ ਪ੍ਰਸਿੱਧੀ ਵਾਲੀਆਂ ਵੱਖ-ਵੱਖ ਅਕਾਦਮਿਕ ਸੰਸਥਾਵਾਂ ਜਿਵੇਂ ਕਿ ਆਈ.ਆਈ.ਟੀ. ਰੁੜਕੀ, ਐਨ.ਆਈ.ਟੀ. ਦਿੱਲੀ, ਐਨ.ਆਈ.ਟੀ. ਜਲੰਧਰ, ਐਨ.ਆਈ.ਟੀ.ਟੀ.ਆਰ ਚੰਡੀਗੜ੍ਹ ਨਾਲ ਤਾਲਮੇਲ ਕੀਤਾ ਹੋਇਆ ਹੈ ਜਿੱਥੋਂ ਦੇ ਫੈਕਲਟੀ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਕਾਲਜ 'ਚ ਨਿਯਮਤ ਤੌਰ 'ਤੇ ਆਉਂਦੇ ਹਨ। ਉਨ੍ਹਾਂ ਕਿਹਾ ਕਿ ਕਾਲਜ ਫੈਕਲਟੀ ਨੇ ਸੰਸਥਾ ਨੂੰ ਉਚਾਈਆਂ 'ਤੇ ਲਿਜਾਉਣ ਲਈ ਦਿਨ-ਰਾਤ ਮਿਹਨਤ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜੋਕੇ ਮੁਕਾਬਲੇ ਦੇ ਯੁੱਗ 'ਚ ਕਾਲਜ ਵਿਦਿਆਰਥੀਆਂ ਨੂੰ ਨਵੀਨਤਮ ਹੁਨਰਾਂ ਅਤੇ ਤਕਨਾਲੋਜੀਆਂ ਦਾ ਗਿਆਨ ਪ੍ਰਦਾਨ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਉਦਯੋਗ ਲਈ ਤਿਆਰ ਕਰ ਰਿਹਾ ਹੈ। ਇਸ ਦੌਰਾਨ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਡਾ. ਮੰਜੂ ਬਾਲਾ, ਫੈਕਲਟੀ, ਸਟਾਫ਼ ਅਤੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਕਾਮਨਾ ਕੀਤੀ ਕਿ ਕਾਲਜ ਆਉਣ ਵਾਲੇ ਸਮੇਂ 'ਚ ਹੋਰ ਉਚਾਈਆਂ ਹਾਸਲ ਕਰੇ।

# ਭਾਸ਼ਾ ਵਿਭਾਗ ਸ਼ਹੀਦ ਭਗਤ ਸਿੰਘ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ

## ਮੁਕਾਬਲੇ ਪਹਿਲਾਂ ਜ਼ਿਲ੍ਹਾ ਪੱਧਰ ਅਤੇ ਬਾਅਦ ਵਿੱਚ ਰਾਜ ਪੱਧਰ ਉਤੇ ਕਰਵਾਏ ਜਾਂਦੇ ਹਨ

**• ਸਹੀਦ ਭਗਤ ਸਿੰਘ ਨਗਰ**

ਨਵੀਂ ਪੀੜ੍ਹੀ ਦੇ ਮਨ ਵਿੱਚ ਆਪਣੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਪ੍ਰਤੀ ਸੰਵੇਦਨਸ਼ੀਲਤਾ ਪੈਦਾ ਕਰਨ ਦੇ ਮਕਸਦ ਨਾਲ ਭਾਸ਼ਾ ਵਿਭਾਗ ਪੰਜਾਬ ਹਰ ਸਾਲ ਸਕੂਲੀ ਵਿਦਿਆਰਥੀਆਂ ਦੇ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਜਾਂਦੇ ਹਨ। ਇਹ ਮੁਕਾਬਲੇ ਪਹਿਲਾਂ ਜ਼ਿਲ੍ਹਾ ਪੱਧਰ ਅਤੇ ਬਾਅਦ ਵਿੱਚ ਰਾਜ ਪੱਧਰ ਉਤੇ ਕਰਵਾਏ ਜਾਂਦੇ ਹਨ। ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਡਾ. ਵੀਰਪਾਲ ਕੌਰ ਦੀ ਰਹਿਨੁਮਾਈ ਵਿੱਚ ਇਸ ਸਾਲ ਸ਼ਹੀਦ ਭਗਤ ਸਿੰਘ ਨਗਰ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਵਾਂ ਸ਼ਹਿਰ ਵਿਖੇ ਕਰਵਾਏ ਗਏ। ਸਾਹਿਤ ਸਿਰਜਣ ਮੁਕਾਬਲਿਆਂ ਵਿੱਚ ਕਵਿਤਾ ਰਚਨਾ, ਲੇਖ ਰਚਨਾ ਅਤੇ ਕਹਾਣੀ ਰਚਨਾ ਦੇ ਮੁਕਾਬਲੇ ਹੋਏ। ਕਵਿਤਾ ਗਾਇਨ ਵਿੱਚ ਵਿਭਾਗ ਵੱਲੋਂ ਨਿਰਧਾਰਿਤ ਕੁਝ ਚੋਣਵੇਂ ਪ੍ਰਮੁੱਖ ਪੰਜਾਬੀ ਕਵੀਆਂ ਦੀਆਂ ਕਵਿਤਾਵਾਂ ਦੇ ਗਾਇਨ ਦਾ ਮੁਕਾਬਲਾ ਹੋਇਆ। ਸਮਾਗਮ ਦੀ ਸ਼ੁਰੂਆਤ ਵਿੱਚ ਜ਼ਿਲ੍ਹਾ ਭਾਸ਼ਾ ਦਫ਼ਤਰ ਦੇ ਖੋਜ ਅਫ਼ਸਰ ਸੰਦੀਪ ਸਿੰਘ ਨੇ ਮੁਕਾਬਲਿਆਂ ਦੀ ਰੂਪ-ਰੇਖਾ ਸੰਬੰਧੀ ਵਿਸਥਾਰ ਜਾਣਕਾਰੀ ਦਿੱਤੀ ਅਤੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਸਮਾਗਮ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਜਰਨੈਲ ਸਿੰਘ ਬਤੌਰ ਮੁੱਖ ਮਹਿਮਾਨ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਰਾਜੇਸ਼ ਕੁਮਾਰ, ਪ੍ਰਿੰਸੀਪਲ ਡਾ. ਤਰਸੇਮ ਸਿੰਘ ਸਿੱਖ ਨੈਸ਼ਨਲ ਕਾਲਜ ਬੰਗਾ ਅਤੇ ਸ਼੍ਰੀਮਤੀ ਸਿੰਮੀ ਜੌਹਲ ਪ੍ਰਿੰਸੀਪਲ ਸ. ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਨੇ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕੀਤੀ। ਇਨ੍ਹਾਂ ਮੁਕਾਲਿਆਂ ਲਈ ਕੰਵਰਜੀਤ ਕੰਵਰ, ਵਾਸਦੇਵ ਪਰਦੇਸੀ, ਦੇਸ ਰਾਜ ਬਾਲੀ, ਡਾ. ਬਲਵੀਰ ਕੌਰ ਰੀਹਲ, ਪ੍ਰੋ. ਬਲਵਿੰਦਰ ਚਹਿਲ ਅਤੇ ਡਾ. ਮਨੀਸ਼ ਕੁਮਾਰ ਨੇ ਜੱਜ ਵਜੋਂ ਭੂਮਿਕਾ ਨਿਭਾਈ। ਮੁਕਾਬਲਿਆਂ ਵਿੱਚ ਜ਼ਿਲ੍ਹਾ ਭਰ ਦੇ ਵੱਖ-ਵੱਖ ਸਰਕਾਰੀ/ ਪ੍ਰਾਈਵੇਟ/ ਅਰਧ ਸਰਕਾਰੀ ਸਕੂਲਾਂ ਦੁਆਰਾ ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਤਕਰੀਬਨ ਡੇਢ ਸੌ ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਕਵਿਤਾ ਗਾਇਨ ਮੁਕਾਬਲੇ ਵਿੱਚ ਐੱਮ.ਆਰ.ਸੀ.ਟੀ. ਪਬਲਿਕ ਸਕੂਲ, ਬਲਾਚੌਰ ਦੇ ਵਿਦਿਆਰਥੀ ਨੇ ਪਹਿਲਾ, ਸ.ਸ.ਸ.ਸਕੂਲ, ਕਰੀਹਾ ਦੀ ਵਿਦਿਆਰਥਣ ਨੇ ਮਹਿਕਪ੍ਰੀਤ ਕੌਰ ਖਟਕੜ ਨੇ ਦੂਜਾ ਅਤੇ ਸ.ਕੰ.ਸ.ਸ. ਸਕੂਲ, ਰਾਹੋਂ ਦੀ ਵਿਦਿਆਰਥਣ ਨੰਦਨੀ ਸ਼ਰਮਾ ਨੇ ਤੀਜਾ ਸਥਾਨ ਹਾਸਲ ਕੀਤਾ। ਕਹਾਣੀ ਰਚਨਾ ਮੁਕਾਬਲੇ ਵਿੱਚ ਕੈਂਬਰਿਜ ਪਬਲਿਕ ਸਕੂਲ, ਨਵਾਂਸ਼ਹਿਰ ਦੀ ਵਿਦਿਆਰਥਣ ਲਿਵਰੀਤ ਕੌਰ ਨੇ ਪਹਿਲਾ, ਐੱਮ. ਆਰ. ਸੀ.ਟੀ. ਪਬਲਿਕ ਸਕੂਲ, ਬਲਾਚੌਰ ਦੇ ਵਿਦਿਆਰਥੀ ਨਵਜੋਤ ਨੇ ਦੂਜਾ ਅਤੇ ਸ.ਕੰ.ਸ.ਸ.ਸਕੂਲ ਦੌਲਤਪੁਰ ਦੀ ਵਿਦਿਆਰਥਣ ਅੰਕਿਤਾ ਸ਼ਰਮਾ ਨੇ ਤੀਜਾ ਸਥਾਨ ਹਾਸਲ ਕੀਤਾ। ਲੇਖ ਰਚਨਾ ਮੁਕਾਬਲੇ ਵਿੱਚ ਸ.ਸ.ਸ.ਸਕੂਲ ਕਰਿਆਮ ਦੇ ਵਿਦਿਆਰਥੀ ਖੁਸ਼ਹਾਲ ਕੁਮਾਰ ਨੇ ਪਹਿਲਾ, ਆਦਰਸ਼ ਸੀ. ਸੈਕੰ. ਸਕੂਲ, ਖਟਕੜ ਕਲਾਂ ਦੀ ਵਿਦਿਆਰਥਣ ਨਿਹਾਰਿਕਾ ਨੇ ਦੂਜਾ ਸਥਾਨ ਅਤੇ ਐੱਮ.ਆਰ.ਸੀ.ਟੀ. ਪਬਲਿਕ ਸਕੂਲ, ਬਲਾਚੌਰ ਦੇ ਵਿਦਿਆਰਥਣ ਅਰਪਣ ਨੇ ਤੀਜਾ ਸਥਾਨ ਹਾਸਲ ਕੀਤਾ। ਕਵਿਤਾ ਰਚਨਾ ਮੁਕਾਬਲੇ ਵਿੱਚ ਗੁਰੂ ਨਾਨਕ ਮਿਸ਼ਨ ਪਬਲਿਕ ਸੀ.ਸੈ. ਸਕੂਲ, ਨਵਾਂਸ਼ਹਿਰ ਦੀ ਵਿਦਿਆਰਥਣ ਮੰਨਤ ਗੋਸਲ ਨੇ ਪਹਿਲਾ ਸਥਾਨ ਗੁਰੂ ਨਾਨਕ ਮਿਸ਼ਨ ਪਬਲਿਕ ਸੀ.ਸੈ. ਸਕੂਲ, ਨਵਾਂਸ਼ਹਿਰ ਦੇ ਵਿਦਿਆਰਥੀ ਅਨਮੋਲ ਨੇ ਦੂਜਾ ਅਤੇ ਸ.ਸ.ਸ.ਸਕੂਲ, ਉਸਮਾਨਪੁਰ ਦੇ ਵਿਦਿਆਰਥੀ ਭੁਪਿੰਦਰ ਜੇਰੀਆਂ ਨੇ ਤੀਜਾ ਸਥਾਨ ਹਾਸਲ ਕੀਤਾ। ਸਮਾਗਮ ਦੇ ਇਨਾਮ ਵੰਡ ਸਮਾਰੋਹ ਵਿੱਚ ਭਾਸ਼ਾ ਵਿਭਾਗ ਵਲੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ 1000, 750, 500 ਕ੍ਰਮਵਾਰ ਨਕਦ ਪੁਰਸਕਾਰ ਦੇ ਕੇ ਹੌਸਲਾ ਅਫ਼ਜ਼ਾਈ ਦਿੱਤੀ ਗਈ। ਜ਼ਿਲ੍ਹਾ ਸਿੱਖਿਆ ਅਫ਼ਸਰ, ਜਰਨੈਲ ਸਿੰਘ ਨੇ ਵਿਦਿਆਰਥੀਆਂ ਅਤੇ ਤਿਆਰੀ ਕਰਾਉਣ ਵਾਲੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਭਾਸ਼ਾ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਜਤਿੰਦਰ ਕੌਰ ਨੇ ਨਿਭਾਈ, ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਸਰਬਜੀਤ ਸਿੰਘ ਨੇ ਆਏ ਮਹਿਮਾਨਾਂ ਅਤੇ ਭਾਸ਼ਾ ਵਿਭਾਗ ਦਾ ਸ਼ਾਨਦਾਰ ਸਮਾਗਮ ਉਲੀਕਣ ਲਈ ਧੰਨਵਾਦ ਕੀਤਾ। ਪੰਜਾਬੀ ਅਧਿਆਪਕ ਗੁਰਜਿੰਦਰ ਸਿੰਘ, ਰਜਨੀ ਕੌਰ, ਗੁਰਮਿੰਦਰ ਕੌਰ ਅਤੇ ਅਮਿਤ ਕੁਮਾਰ ਨੇ ਇਸ ਸਮਾਗਮ ਦੀ ਸਫ਼ਲਤਾ ਲਈ ਮਹੱਤਵਪੂਰਨ ਯੋਗਦਾਨ ਪਾਇਆ। ਇਸ ਸਮਾਗਮ ਵਿੱਚ ਉੱਘੇ ਗੀਤਕਾਰ ਤਰਸੇਮ ਸਾਕੀ, ਪ੍ਰੋ. ਪ੍ਰਿਆ ਬਾਵਾ, ਅਤਿੰਦਰ ਸਿੰਘ, ਗੁਰਵਿੰਦਰ ਸਿੰਘ, ਫਤਿਹ ਸਿੰਘ ਅਤੇ ਭਾਸ਼ਾ ਵਿਭਾਗ ਤੋਂ ਗਗਨਦੀਪ ਸਿੰਘ ਅਤੇ ਹਰਪ੍ਰੀਤ ਹਾਜ਼ਰ ਸਨ।



# ਵਿਜੀਲੈਂਸ ਵੱਲੋਂ ਤਹਿਸੀਲਦਾਰ ਦੇ ਨਾਂ 'ਤੇ 7 ਹਜ਼ਾਰ ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਪ੍ਰਾਈਵੇਟ ਵਿਅਕਤੀ ਕਾਬੂ



**• ਚੰਡੀਗੜ੍ਹ/ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ**

ਪੰਜਾਬ ਵਿਜੀਲੈਂਸ ਬਿਊਰੋ ਨੇ ਰਮਨ ਕੌੜਾ ਦੇ ਨਾਂ ਦੇ ਇੱਕ ਪ੍ਰਾਈਵੇਟ ਵਿਅਕਤੀ, ਜੋ ਆਪਣੇ ਆਪ ਨੂੰ ਜ਼ਿਲ੍ਹਾ ਲੁਧਿਆਣਾ ਦੇ ਕੋਹਾੜਾ ਦਾ ਪਟਵਾਰੀ ਦੱਸਦਾ ਸੀ, ਨੂੰ ਤਹਿਸੀਲਦਾਰ ਦੇ ਨਾਮ 'ਤੇ 7000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਵਿੱਚ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਅਮਰਜੀਤ ਸਿੰਘ ਵਾਸੀ ਈਸ਼ਰ ਨਗਰ, ਲੁਧਿਆਣਾ ਨੇ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੇ ਸਹੁਰੇ ਰਤਨ ਚੰਦ ਦੀ ਮੌਤ ਤੋਂ ਬਾਅਦ ਉਸਦੀ ਸੱਸ ਸੁਨੀਤਾ ਦੇਵੀ ਅਤੇ ਉਸਦੇ ਬੱਚਿਆਂ ਦੇ ਨਾਂ ਜਾਇਦਾਦ ਦਾ ਇੰਤਕਾਲ ਦਰਜ ਕਰਵਾਉਣਾ ਸੀ, ਜਿਸ ਲਈ ਮੁਲਜ਼ਮ ਰਮਨ ਕੌੜਾ ਨੇ ਤਹਿਸੀਲਦਾਰ ਦੇ ਨਾਂ 'ਤੇ 7000 ਰੁਪਏ ਰਿਸ਼ਵਤ ਮੰਗੀ ਸੀ। ਸ਼ਿਕਾਇਤਕਰਤਾ ਨੇ ਇਸ ਸਬੰਧੀ ਇੱਕ ਆਡੀਓ ਰਿਕਾਰਡਿੰਗ ਵੀ ਪੇਸ਼ ਕੀਤੀ ਸੀ।

**■ ਸਬੰਧਤ ਤਹਿਸੀਲਦਾਰ ਅਤੇ ਪਟਵਾਰੀ ਦੀ ਭੂਮਿਕਾ ਦੀ ਵੀ ਕੀਤੀ ਜਾ ਰਹੀ ਹੈ ਜਾਂਚ**

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਥਾਣਾ ਵਿਜੀਲੈਂਸ ਬਿਊਰੋ, ਲੁਧਿਆਣਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7-ਏ ਅਧੀਨ ਐਫ.ਆਈ.ਆਰ. ਨੰਬਰ 19 ਮਿਤੀ 02.08.2023 ਦਰਜ ਕਰਨ ਬਾਅਦ ਅੱਜ ਮੁਲਜ਼ਮ ਰਮਨ ਕੌੜਾ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਕਿ ਕੋਹਾੜਾ ਵਿਖੇ ਤਾਇਨਾਤ ਸਬੰਧਤ ਤਹਿਸੀਲਦਾਰ ਅਤੇ ਪਟਵਾਰੀ ਦੀ ਭੂਮਿਕਾ ਦੀ ਜਾਂਚ ਕੀਤੀ ਜਾ ਰਹੀ ਹੈ।

# ਤਾਰਾ ਸਿੰਘ ਕਾਹਮਾ ਰੈੱਡ ਕਰਾਸ ਸਕੂਲ 'ਚ ਮਨਾਇਆ ਤੀਆਂ ਦਾ ਤਿਉਹਾਰ


**• ਸਹੀਦ ਭਗਤ ਸਿੰਘ ਨਗਰ**



ਸ.ਤਾਰਾ ਸਿੰਘ ਕਾਹਮਾ ਰੈੱਡ ਕਰਾਸ ਸਕੂਲ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਵਿਚ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਮੁਖ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਦੌਰਾਨ ਸਕੂਲ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵੱਲੋਂ ਗਿੱਧੇ-ਭੰਗੜੇ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮ ਵਿਚ ਭਾਗ ਲਿਆ। ਡਿਪਟੀ ਕਮਿਸ਼ਨਰ ਵੱਲੋਂ ਸਕੂਲ ਵਿੱਚ ਪੌਦਾ ਰੋਪਣ ਕਰਦੇ ਹੋਏ ਨਿੰਮ ਦਾ ਪੌਦਾ ਲਗਾਇਆ ਗਿਆ। ਇਸ ਪ੍ਰੋਗਰਾਮ ਵਿੱਚ ਪ੍ਰਿੰਸੀਪਲ ਸ੍ਰੀਮਤੀ ਲੱਛਮੀ ਦੇਵੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਸਕੂਲ ਦੇ ਬਾਕੀ ਸਟਾਫ਼ ਮੈਂਬਰਾਂ ਪ੍ਰਵੀਨ, ਨਛੱਤਰ ਕੌਰ, ਸੁਰਜੀਤ ਕੌਰ, ਬਲਜੀਤ ਕੌਰ, ਪ੍ਰਿਯੰਕਾ ਵੀ ਸ਼ਾਮਿਲ ਸਨ। ਇਸ ਤੋਂ ਇਲਾਵਾ ਸਰਦਾਰ ਬਰਜਿੰਦਰ ਸਿੰਘ ਹੁਸੈਨਪੁਰ, ਸੀਨੀਅਰ ਐਡਵਕੇਟ ਜੇ. ਡੀ ਜੈਨ ਜੀ, ਸ੍ਰੀ ਗੁਰਚਰਨ ਅਰੋੜਾ ਜੀ, ਡਾ.ਅਜਬਿੰਦਰ ਕੌਰ ਚਾਹਲ, ਡਾ. ਸ਼ਾਲਣੀ, ਡਾ. ਸੌਰਵ, ਐਲ ਆਈ ਸੀ ਦਫਤਰ ਦੇ ਮੈਂਬਰ, ਨਰੋਆ ਪੰਜਾਬ ਦੀ ਪੂਰੀ ਟੀਮ ਵੱਲੋਂ ਇਸ ਤੀਆ ਦੇ ਤਿਉਹਾਰ ਵਿਚ ਸਿਰਕਤ ਕੀਤੀ ਗਈ।

# ਤੰਬਾਕੂਨੋਸ਼ੀ ਫੇਫੜਿਆਂ ਦੇ ਕੈਂਸਰ ਦਾ ਮੁੱਖ ਕਾਰਨ ਹੈ, ਪਰ ਨੋਨ ਸਮੋਕਰ ਨੂੰ ਵੀ ਇਹ ਹੋ ਸਕਦਾ ਹੈ : ਮਾਹਰ

**• ਮੋਹਾਲੀ**




"ਫੇਫੜਿਆਂ ਦਾ ਕੈਂਸਰ ਇੱਕ ਕਿਸਮ ਦਾ ਕੈਂਸਰ ਹੈ ਜੋ ਫੇਫੜਿਆਂ ਤੋਂ ਸ਼ੁਰੂ ਹੁੰਦਾ ਹੈ। ਇਹ ਦੁਨੀਆ ਭਰ ਵਿੱਚ ਕੈਂਸਰ ਦੀ ਮੌਤ ਦਾ ਸਭ ਤੋਂ ਵੱਡਾ ਕਾਰਨ ਹੈ। ਫੇਫੜਿਆਂ ਦੇ ਕੈਂਸਰ ਵਿੱਚ ਦੋ ਮੁੱਖ ਕਿਸਮਾਂ ਸ਼ਾਮਲ ਹਨ: ਨੋਨ-ਸਮਾਲ ਸੈੱਲ ਫੇਫੜਿਆਂ ਦਾ ਕੈਂਸਰ ਅਤੇ ਸਮਾਲ ਸੈੱਲ ਫੇਫੜਿਆਂ ਦਾ ਕੈਂਸਰ। ਸਿਗਰਟਨੋਸ਼ੀ ਜ਼ਿਆਦਾਤਰ ਫੇਫੜਿਆਂ ਦੇ ਕੈਂਸਰ ਦਾ ਕਾਰਨ ਬਣਦੀ ਹੈ, ਪਰ ਸਿਗਰਟ ਨਾ ਪੀਣ ਵਾਲਿਆਂ ਨੂੰ ਵੀ ਫੇਫੜਿਆਂ ਦਾ ਕੈਂਸਰ ਹੋ ਸਕਦਾ ਹੈ। ਡਾਕਟਰ ਹਕੀਮ ਅੰਸਾਰ ਹੁਸੈਨ, ਆਈਵੀਵਾਈ ਹਸਪਤਾਲ ਅੰਮ੍ਰਿਤਸਰ ਦੇ ਸਲਾਹਕਾਰ ਮੈਡੀਕਲ ਓਨਕੋਲੋਜੀ ਨੇ ਕਿਹਾ ਕਿ ਜੋਖਮ ਦੇ ਕਾਰਕਾਂ ਤੋਂ ਬਚਣ ਅਤੇ ਸੁਰੱਖਿਆ ਦੇ ਕਾਰਕਾਂ ਨੂੰ ਵਧਾਉਣਾ ਫੇਫੜਿਆਂ ਦੇ ਕੈਂਸਰ ਨੂੰ ਰੋਕਣ ਵਿੱਚ ਮਦਦ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਫੇਫੜਿਆਂ ਦੇ ਕੈਂਸਰ ਦੇ ਜੋਖਮ ਦੇ ਕਾਰਕਾਂ ਵਿੱਚ ਸਿਗਰਟਨੋਸ਼ੀ ਅਤੇ ਪਰਿਵਾਰਕ ਇਤਿਹਾਸ ਸ਼ਾਮਲ ਹਨ। ਡਾਕਟਰ ਹੁਸੈਨ ਨੇ ਅੱਗੇ ਕਿਹਾ ਕਿ ਟੈਸਟਾਂ ਦੀ ਵਰਤੋਂ ਵੱਖ-ਵੱਖ ਕਿਸਮਾਂ ਦੇ ਕੈਂਸਰ ਦੀ ਜਾਂਚ ਕਰਨ ਲਈ ਕੀਤੀ ਜਾਂਦੀ ਹੈ ਜਦੋਂ ਕਿਸੇ ਵਿਅਕਤੀ ਵਿੱਚ ਲੱਛਣ ਨਹੀਂ ਹੁੰਦੇ ਹਨ। ਫੇਫੜਿਆਂ ਦਾ ਕੈਂਸਰ ਆਮ ਤੌਰ 'ਤੇ ਸ਼ੁਰੂਆਤੀ ਪੜਾਵਾਂ ਵਿੱਚ ਲੱਛਣਾਂ ਦਾ ਕਾਰਨ ਨਹੀਂ ਬਣਦਾ ਹੈ। ਫੇਫੜਿਆਂ ਦੇ ਕੈਂਸਰ ਦੇ ਲੱਛਣ ਆਮ ਤੌਰ 'ਤੇ ਉਦੋਂ ਪ੍ਰਗਟ ਹੁੰਦੇ ਹਨ ਜਦੋਂ ਬਿਮਾਰੀ ਵਧ ਜਾਂਦੀ ਹੈ। ਫੇਫੜਿਆਂ ਦੇ ਕੈਂਸਰ ਦੀਆਂ ਲੱਛਣਾਂ ਬਾਰੇ ਗੱਲ ਕਰਦਿਆਂ ਡਾ: ਹੁਸੈਨ ਨੇ ਕਿਹਾ ਕਿ ਇਨ੍ਹਾਂ ਵਿੱਚ ਸ਼ਾਮਲ ਹਨ; ਨਵੀਂ ਖੰਘ ਜੋ ਦੂਰ ਨਹੀਂ ਹੁੰਦੀ, ਖੰਘ ਨਾਲ ਥੋੜਾ ਜਿਹਾ ਖੂਨ ਵੀ ਨਿਕਲਦਾ ਹੈ, ਸਾਹ ਚੜ੍ਹਦਾ ਹੈ, ਛਾਤੀ ਵਿੱਚ ਦਰਦ, ਖੁਰਦਰਾਪਨ, ਬਿਨਾਂ ਕੋਸ਼ਿਸ਼ ਕੀਤੇ ਭਾਰ ਘਟਣਾ, ਹੱਡੀਆਂ ਵਿੱਚ ਦਰਦ ਅਤੇ ਸਿਰ ਦਰਦ। ਫੇਫੜਿਆਂ ਦੇ ਕੈਂਸਰ ਦੇ ਇਲਾਜ ਲਈ ਵਰਤੇ ਜਾਂਦੇ ਇਲਾਜਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਕੈਂਸਰ ਦੀ ਕਿਸਮ ਅਤੇ ਸਟੇਜ 'ਤੇ ਨਿਰਭਰ ਕਰਦਾ ਹੈ।

# ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਕੋਟੜਾ ਕੌੜਾ ਨੇ ਛਾਂ ਦਾਰ ਬੂਟੇ ਲਗਾ ਮਨਾਇਆ ਵਿਸ਼ਵ ਸਕਾਰਫ਼ ਦਿਵਸ

## ➢ ਇਸ ਮੌਕੇ ਸਾਹਿਤਕਾਰ ਗਗਨ ਫੂਲ ਜੀ ਦਾ ਕੀਤਾ ਗਿਆ ਵਿਸ਼ੇਸ਼ ਸਨਮਾਨ

**• ਬਠਿੰਡਾ/ਗਗਨਦੀਪ ਸਿੰਘ**

ਭਾਰਤ ਸਕਾਊਟਸ ਐਂਡ ਗਾਈਡਜ਼ ਪੰਜਾਬ ਵੱਲੋਂ ਸਮੇਂ-ਸਮੇਂ ਤੇ ਵੱਖ-ਵੱਖ ਵਿਸ਼ੇਸ ਦਿਹਾੜੇ ਮਨਾਏ ਜਾਂਦੇ ਹਨ। ਇਸੇ ਹੀ ਲੜੀ ਤਹਿਤ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਕੋਟੜਾ ਕੌੜਾ ਵਿਖੇ ਵਿਸ਼ਵ ਸਕਾਰਫ਼ ਦਿਵਸ ਮਨਾਇਆ ਗਿਆ। ਕਬ ਮਾਸਟਰ ਗੁਰਪਿਆਰ ਸਿੰਘ ਜੀ ਵੱਲੋਂ ਸਕਾਰਫ਼ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਮਾਨਵ ਸਹਾਰਾ ਕਲੱਬ ਫੂਲ ਟਾਊਨ ਦੇ ਮੈਂਬਰ ਅਤੇ ਸੰਸਥਾਪਕ ਕਿਤਾਬਾਂ ਵਾਲਾ ਰਖਣਾ ਲਾਇਬ੍ਰੇਰੀ ਦੇ ਸਹਿਯੋਗ ਨਾਲ ਸਕੂਲ ਵਿੱਚ ਛਾਂ ਦਾਰ ਪੌਦੇ ਲਗਾਏ। ਇਸ ਮੌਕੇ ਕਲੱਬ ਦੇ ਮੈਂਬਰ ਅਤੇ ਉੱਘੇ ਸਾਹਿਤਕਾਰ ਅਤੇ ਪੱਤਰਕਾਰ ਗਗਨ ਫੂਲ ਜੀ ਦਾ ਵਿਸ਼ੇਸ ਸਹਿਯੋਗ ਰਿਹਾ। ਗਗਨ ਫੂਲ ਜੀ ਨੇ ਆਪਣੇ ਵੱਲੋਂ ਲਿਖੀ ਪੁਸਤਕ ÷ਡਾਕਟਰ ਅੰਬੇਡਕਰ ਦੀ ਸੰਘਰਸ਼ ਗਾਥਾ÷ ਦੀਆਂ ਦੋ ਕਾਪੀਆਂ ਸਕੂਲ ਦੀ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ। ਸਕੂਲ ਮੁੱਖੀ ਮੈਡਮ ਮੰਜੂ ਬਾਲਾ ਜੀ ਵੱਲੋਂ ਸਕੂਲ ਵਿੱਚ ਚੱਲ ਰਹੀ ਸਕਾਉਟ ਯੂਨਿਟ ਵੱਲੋਂ ਕੀਤੀਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਦੀ ਪ੍ਰਸ਼ੰਸ਼ਾ ਕੀਤੀ। ਮੁੱਖ ਅਧਿਆਪਕ ਜੀ ਵੱਲੋਂ ਬੱਚਿਆਂ ਨੂੰ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ ਗਈ ਅਤੇ ਗਗਨ ਫੂਲ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਸਮੂਹ ਸਟਾਫ਼ ਮੈਡਮ ਸ਼ਰਨਜੀਤ ਕੌਰ, ਅਮਰਜੀਤ ਕੌਰ, ਰਣਜੀਤ ਕੌਰ, ਹਰਕੇਸ਼ ਕੌਰ, ਰਘਬੀਰ ਸਿੰਘ, ਰਾਮ ਭਜਨ ਸਿੰਘ, ਮਿਡ ਡੇ ਮੀਲ ਵਰਕਰ ਅਤੇ ਬੱਚੇ ਸ਼ਾਮਿਲ ਸਨ।








# ਚਿੰਟੂ ਸੁਧਰ ਗਿਆ




**ਇੱਕ** ਜੰਗਲ ਦੇ ਵਿੱਚ ਚਿੰਟੂ ਤੇ ਉਸ ਦੀ ਮਾਂ (ਮਾਦਾ ਚੀਤਾ) ਰਹਿੰਦੇ ਸਨ। ਚਿੰਟੂ ਦੀ ਮਾਂ ਉਸ ਦੀਆਂ ਸ਼ਰਾਰਤਾਂ ਅਤੇ ਲਾਪਰਵਾਹੀ ਤੋਂ ਬਹੁਤ ਤੰਗ ਸੀ ਪਰ ਚਿੰਟੂ ਕੀ ਸੀ ਕਿ ਸੁਧਰਨ ਦਾ ਨਾਂ ਹੀ ਨਹੀਂ ਸੀ ਲੈਂਦਾ। ਜੰਗਲ ਵਿੱਚ ਹਰ ਵੇਲ? ਖ਼ਤਰੇ ਮੰਡਰਾਉਂਦੇ ਰਹਿੰਦੇ ਸਨ। ਜਿਨ੍ਹਾਂ ਤੋਂ ਚਿੰਟੂ ਦੀ ਮਾਂ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦੀ। ਪਰ ਚਿੰਟੂ ਆਪਣੀਆਂ ਆਦਤਾਂ ਤੋਂ ਵਾਜ ਨਾ ਆਉਂਦਾ।ਅੱਖ ਬਚਾ ਕੇ ਝੱਟ ਨਿਕਲ ਜਾਂਦਾ। ਇੱਕ ਦਿਨ ਅਸਮਾਨ ਵਿੱਚ ਉੱਡ ਦੇ ਬਾਜ਼ ਨੇ ਚਿੰਟੂ ਨੂੰ ਧੌਣ ਤੋਂ ਆਪਣੇ ਪੰਜਿਆਂ ਨਾਲ? ਆ ਦਬੋਚਿਆ। ਚਿੰਟੂ ਪਤਾ ਹੀ ਨਾ ਲੱਗਾ,ਪੰਜੇ ਵਿੱਚੋਂ ਬਚਣ ਦੀ ਬੜੀ ਕੋਸ਼ਿਸ਼ ਕੀਤੀ ਪਰ ਸਭ ਵਿਅਰਥ ਗਈ, ਅਚਾਨਕ ਉਸ ਦੀ ਮਾਂ ਦੀ ਨਜ਼ਰ ਉਸ ਵੱਲ ਪਈ ਤਾਂ ਬੜੀ ਮੁਸ਼ਕਲ ਨਾਲ? ਉਸ ਨੇ ਚਿੰਟੂ ਨੂੰ ਬਾਜ਼ ਦੇ ਪੰਜਿਆਂ ਚੋਂ ਛੁਡਾਇਆ।ਤੇ ਚਿੰਟੂ ਦੀ ਜਾਨ ਵਿੱਚ ਜਾਨ ਆਈ। ਮਾਂ ਅੱਗੇ ਲਾਪਰਵਾਹੀ ਨਾ ਕਰਨ ਦੀ ਤੌਬਾ ਕੀਤੀ। ਚਿੰਟੂ ਦੀ ਮਾਂ ਨੂੰ ਬੜੀ ਖੁਸ਼ੀ ਹੋਈ ਕਿ ਉਸ ਦਾ ਸ਼ਰਾਰਤੀ ਚਿੰਟੂ ਸੁਧਰ ਗਿਆ।

**ਰਣਬੀਰ ਸਿੰਘ ਪ੍ਰਿੰਸ (ਸ਼ਾਹਪੁਰ ਕਲਾਂ)**
**ਆਫ਼ਸਰ ਕਾਲੋਨੀ ਸੰਗਰੂਰ** 148001
9872299613




# ਭਾਜਪਾ ਆਗੂਆਂ 2024 ਅਤੇ 27 ਦੀਆਂ ਚੋਣਾਂ ਲਈ ਕਮਰਕੱਸੇ ਕਸੇ ਬੂਥ ਲੇਬਲ ਤਿਆਰੀ ਸ਼ੁਰੂ



**• ਸ਼ੇਰਪੁਰ**

ਮਨੀਪੁਰ ਦੀਆਂ ਘਟਨਾਵਾਂ ਬੇਹੱਦ ਦੁੱਖਦਾਈ ਅਤੇ ਨਿੰਦਣਯੋਗ ਹਨ ਜਿੰਨਾਂ ਦੀ ਪਾਰਟੀ ਹਾਈ ਕਮਾਂਡ ਵੱਲੋਂ ਭਰਪੂਰ ਨਿੰਦਾ ਕੀਤੀ ਗਈ ਅਤੇ ਡੂੰਘਾਈ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀਆਂ ਜਨਤਾ ਪਾਰਟੀ ਦੇ ਸੀਨੀਅਰ ਆਗੂ ਜ਼ਿਲਾਂ ਬਰਨਾਲਾ ਪ੍ਰਧਾਨ ਗੁਰਮੀਤ ਸਿੰਘ ਬਾਵਾ ਹੰਡਿਆਇਆ ਨੇ ਸ਼ੇਰਪੁਰ ਵਿਖੇ ਇੱਕ ਸ਼ਰਧਾਂਜਲੀ ਸਮਾਗਮ ਉਪਰੰਤ ਚੋਣਵੇਂ ਪੱਤਰਕਾਰਾਂ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਦਿੰਦਿਆਂ ਕੀਤਾ । ਉਨ੍ਹਾਂ ਕਿਹਾ ਹਰਿਆਣਾ ਵਿੱਚ ਵਾਪਰੀਆਂ ਘਟਨਾਂਵਾਂ ਦੀ ਵੀ ਉਹ ਨਿੰਦਾ ਕਰਦੇ ਹਨ। ਪ੍ਰਧਾਨ ਬਾਵਾ ਨੇ ਕਿਹਾ ਵਿਰੋਧੀ ਪਾਰਟੀਆਂ ਸਿਰਫ਼ ਭਾਜਪਾ ਦੀ ਸਰਕਾਰ ਵਾਲੇ ਸੂਬਿਆਂ ਦੀਆਂ ਘਟਨਾਵਾਂ ਉੱਪਰ ਹੀ ਸਿਆਸੀ ਰੋਟੀਆਂ ਨਾ ਸੇਕਣ ’ਤੇ ਦੂਸਰੇ ਰਾਜਾਂ ਦੀਆਂ ਘਟਨਾਵਾਂ ਨੂੰ ਅੱਖੋਂ ਪਰੋਖੇ ਨਾ ਕਰਨ । ਮਾਨਯੋਗ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਲਈ ਹਰ ਸੂਬਾ ਦੇਸ਼ ਦੀ ਰੀੜ ਦੀ ਹੱਡੀ ਦੇ ਮਣਕਿਆਂ ਵਾਂਗ ਹੈ । ਉਨ੍ਹਾਂ ਕਿਹਾ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀਆ ਜਨਤਾ ਪਾਰਟੀ ਆਪਣੀਆਂ ਕਿਸਾਨ, ਮਜ਼ਦੂਰ ਲੋਕ ਹਿਤੈਸ਼ੀ ਨੀਤੀਆਂ ਕਾਰਨ ਹੀ ਮੁੜ ਸੱਤਾ ਵਿੱਚ ਆਵੇਗੀ ਜਿਸ ਲਈ ਪਾਰਟੀ ਦੇ ਹਰ ਆਗੂ ਅਤੇ ਵਰਕਰਾਂ ਨੇ ਆਪਣੀਆਂ ਡਿਊਟੀਆਂ ਸੰਭਾਲ ਲਾਈਆਂ ਹਨ ਬੂਥ ਲੇਬਲ ਤੇ ਕਮਰਕੱਸੇ ਕਸ ਲਏ ਹਨ।ਉਨ੍ਹਾਂ ਕਿਹਾ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੀ ਭਾਜਪਾ ਆਪਣੇ ਲੋਕਾਂ ਦੇ ਸਹਿਯੋਗ ਨਾਲ ਵੱਡੇ ਭਾਈ ਵੱਜੋਂ ਇਕੱਲੇ ਲੜੇਗੀ ਜਿਸ ਲਈ ਵੀ ਹੁਣ ਤੋਂ ਹੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਕਿਸਾਨ ਮੋਰਚਾ ਪੰਜਾਬ ਦੇ ਮੀਤ ਪ੍ਰਧਾਨ ਸ. ਨਰਿੰਦਰਪਾਲ ਸਿੰਘ ਰਾਮਨਗਰ ਛੰਨਾਂ , ਰਮਨ ਜਵੰਧਾ ਜ਼ਿਲ੍ਹਾ ਯੂਥ ਪ੍ਰਧਾਨ ਬਰਨਾਲਾ, ਸਰਪੰਚ ਸੁਰਜੀਤ ਸਿੰਘ ਟਿੱਬਾ ਮੰਡਲ ਪ੍ਰਧਾਨ ਸ਼ੇਰਪੁਰ, ਜਗਸੀਰ ਸਿੰਘ ਕੁਰੜ ਮੰਡਲ ਪ੍ਰਧਾਨ ਮਹਿਲ ਕਲਾਂ ਤੋਂ ਇਲਾਵਾ ਹੋਰ ਵੀ ਪਤਵੰਤੇ ਹਾਜਰ ਸਨ।

### ■ 2027 ਚੋਣਾਂ ’ਚ ਵੱਡੇ ਭਾਈ ਵੱਜੋਂ ਮੈਦਾਨ ਵਿੱਚ ਉਤਰੇਗੀ ਭਾਜਪਾ, ਗਠਜੋੜ ਤੋਂ ਇਨਕਾਰ : ਜ਼ਿਲਾਂ ਪ੍ਰਧਾਨ ਬਾਵਾ

# ਸੁਣਾਉਣ ਲੱਗਾ ਵਾਂ...

(1) ਜਿਸ ਥਾਂ ਮਨੁੱਖ ਹੁੰਦਾ ਨਹੀਂ
ਉੱਥੇ ਉਹ ਹੋਣਾ ਚਾਹੁੰਦਾ ,
ਆਪਣਿਆਂ ਲਈ ਹੋਵੇ ਨਾ ਹੋਵੇ
ਬੇਗਾਨਿਆਂ ਲਈ ਜ਼ਰੂਰ ਰੋਣਾ ਚਾਹੁੰਦਾ ...
(2) ਫਿਰ ਉਦੋਂ ਦਿਲ ਟੁੱਟਦਾ ,
ਜਦੋਂ ਆਪਣਿਆਂ ਦੀ ਥਾਂ ਬੇਗਾਨਿਆਂ 'ਤੇ ਮਾਣ ਹੋਵੇ ,
ਜਦੋਂ ਸੁਪਨਿਆਂ ਤੇ ਸੱਧਰਾਂ ਦਾ ਘਾਣ ਹੋਵੇ ,
ਫਿਰ ਉਦੋਂ ਦਿਲ ਟੁੱਟਦਾ ...
(3) ਜ਼ਿੰਦਗੀ 'ਚ ਕਾਮਜ਼ਾਬ ਹੋਣ ਲਈ ਜਿਸ ਆਦਮੀ ਨੇ ਅਹਿਮ ਰੋਲ ਅਦਾ ਕੀਤੇ ਹੋਣ ,
ਉਸਨੂੰ ਕਦੇ ਵੀ ਭੁਲਾਉਣਾ ਨਹੀਂ ਚਾਹੀਦਾ ,
ਦੋਸਤ ਤਾਂ ਜ਼ਿੰਦਜਾਨ ਹੁੰਦੇ ਨੇ ,
ਦੋਸਤਾਂ ਨੂੰ ਕਦੇ ਵੀ ਰੁਆਉਣਾ ਨਹੀਂ ਚਾਹੀਦਾ ...
(4)ਕਦੇ ਚੰਨ ਵਾਂਗ ਰੁਸ਼ਨਾਉਂਦੀ ਜ਼ਿੰਦਗੀ
ਕਦੇ ਮੀਂਹ ਵਾਂਗ ਰੁਆਉਂਦੀ ਜ਼ਿੰਦਗੀ
ਕਦੇ ਜੁਗਨੂੰਆਂ ਵਾਂਗ ਭਟਕਾਉਂਦੀ ਜ਼ਿੰਦਗੀ
ਬੜੇ - ਉਤਰਾਅ - ਚੜ੍ਹਾਅ ਦਿਖਾਉਂਦੀ ਜ਼ਿੰਦਗੀ ..
(5) ਕਿਸੇ ਦਾ ਨੁਕਸਾਨ ਕਰਕੇ
ਤੂੰ ਆਪਣਾ ਕੰਮ ਕਦੇ ਬਣਾਈਂ ਨਾ ,
ਚੰਗੀ ਥਾਂ ਤਾਂ ਭਾਵੇਂ ਹਜ਼ਾਰ ਵਾਰ ਜਾਈਂ
ਪਰ ਮਾੜੀ ਥਾਂ ਭੁੱਲ ਕੇ ਕਦੇ ਵੀ ਜਾਈਂ ਨਾ...



ਮਾਸਟਰ ਸੰਜੀਵ ਧਰਮਾਣੀ
( ਸਟੇਟ ਐਵਾਰਡੀ )
ਸ਼ਰੀ ਅਨੰਦਪੁਰ ਸਾਹਿਬ
ਸਾਹਿਤ ਵਿੱਚ ਕੀਤੇ ਕੰਮਾਂ ਲਈ ਲੇਖਕ ਦਾ ਨਾਂ
ਇੰਡੀਆ ਬੁੱਕ ਆੱਫ਼ ਰਿਕਾਰਡਜ਼ ÷ ਵਿੱਚ ਦਰਜ਼ ਹੈ।
9478561356

# ਚੰਗਰ ਇਲਾਕੇ ਦੇ ਪਿੰਡ ਉਪਰਲੀ ਮੀਢਵਾਂ ਦੇ ਲੋਕਾਂ ਦੀ 40 ਸਾਲਾਂ ਦੀ ਮੰਗ ਹੋਈ ਪੂਰੀ

## ਪਿੰਡ ਵਾਸੀਆਂ ਨੇ ਕੀਤਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ



**• ਸ੍ਰੀ ਅਨੰਦਪੁਰ ਸਾਹਿਬ /ਦਵਿੰਦਰਪਾਲ ਸਿੰਘ**

ਚੰਗਰ ਇਲਾਕਾ ਲੰਮੇ ਸਮੇਂ ਤੋਂ ਪੀਣ ਵਾਲੇ ਪਾਣੀ ਦੀ ਕਿੱਲਤ ਨਾਲ ਜੂਝਦਾ ਰਿਹਾ। ਲੇਕਿਨ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅਤੇ ਹਰਜੋਤ ਸਿੰਘ ਬੈਂਸ ਮੰਤਰੀ ਬਣੇ ਉਦੋਂ ਦੀ ਚੰਗਰ ਇਲਾਕੇ ਦੀ ਨੁਹਾਰ ਦਿਨ ਪਰ ਦਿਨ ਬਦਲ ਰਹੀ ਹੈ। ਚੰਗਰ ਇਲਾਕੇ ਦੇ ਪਿੰਡ ਕਾਹੀਵਾਲ ਵਿੱਚ ਇੱਕ ਸ਼ਾਨਦਾਰ ਗਰਾਉਂਡ, ਪਿਛਲੀਆਂ ਸਰਕਾਰਾਂ ਦੌਰਾਨ ਬੰਦ ਪਏ ਬੋਰਾਂ ਨੂੰ ਚਲਾ ਕੇ ਪਿੰਡ ਵਾਸੀਆਂ ਨੂੰ ਸਾਫ ਸੁਥਰਾ ਪਾਣੀ ਦੇਣਾ, ਪਿੰਡ ਬੱਢਲ ਵਿੱਚ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਸ਼ਹੀਦੀ ਗੇਟ ਬਣਾਉਣਾ ਅਤੇ ਚੰਗਰ ਇਲਾਕੇ ਲਈ 80 ਕਰੋੜ ਦੀ ਸਿੰਚਾਈ ਸਕੀਮ ਨੂੰ ਮਨਜ਼ੂਰ ਕਰਵਾਉਣ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਅਹਿਮ ਰੋਲ ਰਿਹਾ। ਇਸ ਦੇ ਨਾਲ ਹੀ ਚੰਗਰ ਇਲਾਕੇ ਦੇ ਪਿੰਡ ਉਪਰਲੀ ਮੀਢਵਾਂ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਦਿੱਕਤ ਸੀ ਲੋਕਾਂ ਦੇ ਘਰਾਂ ਵਿੱਚ ਪੀਣ ਵਾਲਾ ਪਾਣੀ ਨਾ ਦੇ ਬਰਾਬਰ ਪਹੁੰਚਦਾ ਸੀ ਜਿਵੇਂ ਹੀ ਇਹ ਮਸਲਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੇ ਧਿਆਨ ਵਿੱਚ ਲਿਆਂਦਾ ਉਨ੍ਹਾਂ ਨੇ ਤੁਰੰਤ ਵਾਟਰ ਸਪਲਾਈ ਵਿਭਾਗ ਨੂੰ ਇਸਦਾ ਹੱਲ ਕਰਨ ਦੇ ਆਦੇਸ਼ ਦਿੱਤੇ। ਜਿਸਦੇ ਸਦਕਾ ਅੱਜ ਜਲ ਸਪਲਾਈ ਵਿਭਾਗ ਵੱਲੋਂ ਪਿੰਡ ਉਪਰਲੀ ਮੀਢਵਾਂ ਲਈ ਅਲੱਗ ਤੋਂ ਪਾਈਪ ਲਾਈਨ ਪਾਉਣੀ ਸ਼ੁਰੂ ਕਰ ਦਿੱਤੀ। ਜਿਸ ਤੇ ਤਕਰੀਬਨ 10 ਲੱਖ ਰੁਪਏ ਦਾ ਖਰਚ ਆਵੇਗਾ। ਇਸ ਪਾਈਪ ਲਾਈਨ ਪੈਣ ਤੋਂ ਬਾਅਦ ਪੀਣ ਵਾਲੇ ਪਾਣੀ ਦੀ ਸੱਮਸਿਆ ਜੜ ਤੋਂ ਖਤਮ ਹੋ ਜਾਵੇਗੀ।ਇਸ ਮੌਕੇ ਤੇ ਚੰਗਰ ਜੋਨ ਦੇ ਪ੍ਰਧਾਨ ਕੈਪਟਨ ਗੁਰਨਾਮ ਸਿੰਘ ਬੱਢਲ, ਬਿੱਲੂ ਰਾਣਾ, ਰਾਮਭੱਜ, ਪ੍ਰਲਾਦ ਰਾਣਾ, ਸਿਵ ਕੁਮਾਰ, ਹਰਨਾਮ ਚੋਹਾਣ, ਸੋਮਨਾਥ, ਹਰਸ਼ ਕੁਮਾਰ, ਰਵੀ, ਗੁਰਚੀ, ਭੂਸ਼ਨ, ਬੱਗਾ, ਦਇਆ ਰਾਮ , ਜਸਵਿੰਦਰ ਸਿੰਘ, ਪਿੰਡ ਵਾਸੀ ਮੌਜੂਦ ਸਨ। ਇਸ ਮੌਕੇ ਉਹਨਾਂ ਕਿਹਾ ਕਿ ਅਸੀਂ ਸਾਰੇ ਪਿੰਡ ਵਾਸੀ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਜਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਦਾ ਦਿਲੋਂ ਧੰਨਵਾਦ ਕਰਦੇ ਹਾਂ।

# ਐਸ.ਆਰ.ਐਸ. ਸਰਕਾਰੀ ਬਹੁਤਕਨੀਕੀ ਕਾਲਜ (ਲੜਕੀਆਂ) ਹੋਇਆ ਕੋ-ਐਜੂਕੇਸ਼ਨਲ

**• ਲੁਧਿਆਣਾ/ਸੁਖਚੈਨ ਮਹਿਰਾ**

ਪੰਜਾਬ ਸਰਕਾਰ ਵਲੋਂ ਸਥਾਨਕ ਰਿਸ਼ੀ ਨਗਰ ਸਥਿਤ ਸਤਿਗੁਰੂ ਰਾਮ ਸਿੰਘ (ਐਸ.ਆਰ.ਐਸ.) ਸਰਕਾਰੀ ਬਹੁਤਕਨੀਕੀ ਕਾਲਜ (ਲੜਕੀਆਂ) ਨੂੰ ਵੀ ਹੁਣ ਕੋ-ਐਜੂਕੇਸ਼ਨ ਕਰ ਦਿੱਤਾ ਹੈ। ਹੁਣ ਇਸ ਸਰਕਾਰੀ ਬਹੁਤਕਨੀਕੀ ਕਾਲਜ ਵਿੱਚ 10ਵੀਂ ਅਤੇ 12ਵੀਂ ਪਾਸ ਲੜਕੇ ਵੀ ਤਿੰਨ ਸਾਲਾ ਇੰਜਨੀਅਰਿੰਗ ਡਿਪਲੋਮਾ ਕੋਰਸਾਂ ਵਿੱਚ ਦਾਖਲਾ ਲੈ ਸਕਣਗੇ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਵਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨੌਜਵਾਨ ਲੜਕੇ ਲੜਕੀਆਂ ਨੂੰ ਤਕਨੀਕੀ ਸਿਖਿਆ ਪ੍ਰਦਾਨ ਕਰਨ ਹਿੱਤ ਇਤਿਹਾਸਕ ਫੈਸਲਾ ਲੈਂਦਿਆਂ ਪੰਜਾਬ ਦੇ ਚਾਰ ਸਰਕਾਰੀ ਬਹੁਤਕਨੀਕੀ ਕਾਲਜਾਂ (ਲੜਕੀਆਂ) ਨੂੰ ਕੋ-ਐਜੂਕੇਸ਼ਨ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਇਨ੍ਹਾਂ ਕਾਲਜ਼ਾਂ ਵਿਚੋਂ ਜ਼ਿਲ੍ਹਾ ਲੁਧਿਆਣਾ ਦਾ ਇੱਕੋ-ਇੱਕ ਰਿਸ਼ੀ ਨਗਰ ਸਥਿਤ ਸਤਿਗੁਰੂ ਰਾਮ ਸਿੰਘ ਸਰਕਾਰੀ ਬਹੁਤਕਨੀਕੀ ਕਾਲਜ (ਲੜਕੀਆਂ) ਵੀ ਸ਼ਾਮਲ ਹੈ। ਉਨ੍ਹਾਂ ਦੱਸਿਆ ਕਿ ਹੁਣ ਇਸ ਸਰਕਾਰੀ ਬਹੁਤਕਨੀਕੀ ਕਾਲਜ ਵਿੱਚ 10ਵੀਂ ਅਤੇ 12ਵੀਂ ਪਾਸ ਲੜਕੇ ਵੀ ਤਿੰਨ ਸਾਲਾ ਇੰਜਨੀਅਰਿੰਗ ਡਿਪਲੋਮਾ ਕੋਰਸਾਂ ਵਿੱਚ ਦਾਖਲਾ ਲੈ ਸਕਣਗੇ। ਇਹ ਪੰਜਾਬ ਸਰਕਾਰ ਦਾ ਨੌਜਵਾਨਾਂ ਨੂੰ ਤਕਨੀਕੀ ਸਿਖਿਆ ਵੱਲ ਲਿਜਾਣ ਦਾ ਇੱਕ ਹੋਰ ਵੱਡਾ ਉਪਰਾਲਾ ਹੈ ਜਿਸ ਨਾਲ ਕਾਲਜ ਵਿੱਚ ਦਾਖਲਾ ਲੈਣ ਵਾਲੇ ਨੌਜਵਾਨ ਲੜਕੇ-ਲੜਕੀਆਂ ਇਸਦਾ ਭਰਪੂਰ ਲਾਭ ਲੈ ਸਕਣਗੇ।

## ■ ਹੁਣ ਲੜਕੇ ਵੀ ਲੈ ਸਕਣਗੇ ਡਿਪਲੋਮਾ ਕੋਰਸਾਂ 'ਚ ਦਾਖਲਾ- ਡਿਪਟੀ ਕਮਿਸ਼ਨਰ ਸੁਰਭੀ ਮਲਿਕ

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਸ ਕਾਲਜ ਵਿਖੇ 2.50 ਲੱਖ ਰੁਪਏ ਸਾਲਾਨਾ ਆਮਦਨ ਤੱਕ ਦੇ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਪੋਸਟ ਮੈਟ੍ਰਿਕ ਸ਼ਕਾਲਰਸ਼ਿਪ ਸਕੀਮ ਅਧੀਨ ਪੂਰੀ ਫੀਸ ਮੁਆਫ ਹੈ। ਇਸ ਤੋਂ ਇਲਾਵਾ ਬਾਕੀ ਸਾਰੀਆਂ ਕੈਟਾਗਰੀਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ 'ਮੁੱਖ ਮੰਤਰੀ ਵਜ਼ੀਫਾ ਯੋਜਨਾ' ਅਨੁਸਾਰ ਸਸਤੀ ਤੇ ਮਿਆਰੀ ਤਕਨੀਕੀ ਸਿਖਿਆ ਪ੍ਰਦਾਨ ਕੀਤੀ ਜਾਂਦੀ ਹੈ ਜਿਸ ਰਾਂਹੀਂ ਵਿਦਿਆਰਥੀਆਂ ਦੀ 10ਵੀਂ ਜਮਾਤ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਅਨੁਸਾਰ ਟਿਊ.ਸ਼ਨ ਫੀ.ਸ ਮੁਆਫ ਕੀਤੀ ਜਾਂਦੀ ਹੈ। ਇਸ ਵਿੱਚ 60 ਤੋਂ 70 ਫੀਸਦੀ ਅੰਕਾਂ ਵਾਲੇ ਵਿਦਿਆਰਥੀਆਂ ਦੀ 70 ਪ੍ਰਤੀਸ਼ਤ ਟਿਊਸ਼ਨ ਫੀਸ ਮੁਆਫ ਹੋਵੇਗੀ, 70 ਤੋਂ 80 ਵਾਲਿਆਂ ਦੀ 80 ਫੀਸਦੀ, 80 ਤੋ: 90 ਫੀਸਦੀ ਵਾਲਿਆਂ ਦੀ 90 ਫੀਸਦੀ ਅਤੇ 90 ਤੋਂ 100 ਫੀਸਦੀ ਅੰਕ ਹਾਸਲ ਕਰਨ ਵਾਲਿਆਂ ਦੀ ਪੂਰੀ ਟਿਊਸ਼ਨ ਫੀਸ ਮੁਆਫ ਹੋਵੇਗੀ। ਡਿਪਟੀ ਕਮਿਸ਼ਨਰ ਮਲਿਕ ਵਲੋਂ ਜ਼ਿਲ੍ਹਾ ਲੁਧਿਆਣਾ ਦੇ ਲੜਕੇ-ਲੜਕੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਡਿਪਲੋਮਾ ਇੰਜਨੀਅਰਿੰਗ ਕੋਰਸਾਂ ਵਿੱਚ ਪੜ੍ਹਾਈ ਕਰਨ ਲਈ ਇਸ ਸੁਨਹਿਰੀ ਮੌਕੇ ਦਾ ਲਾਹਾ ਲੈਣਾ ਚਾਹੀਦਾ ਹੈ। ਇਸ ਕਾਲਜ ਵਿੱਚ ਤਿੰਨ ਸਾਲਾ ਡਿਪਲੋਮਾ ਕੋਰਸ ਇਲੈਕਟ?ਰੋ.ਨਿਕਸ ਐਂਡ ਕਮਿਊਨੀਕੇਸ਼ਨ ਇੰਜ:, ਕੰਪਿਊਟਰ ਇੰਜ:, ਇਨਫਾਰਮੇਸ਼ਨ ਟੈਕਨਾਲੋਜੀ, ਫੈਸ਼ਨ ਡਿਜਾਇੰਨ, ਗਾਰਮੈਂਟ ਟੈਕਨਾਲੋਜੀ ਅਤੇ ਮਾਡਰਨ ਆਫਿਸ ਪ੍ਰੈਕਟਿਸ ਚੱਲ ਰਹੇ ਹਨ। ਕਾਲਜ ਵਿਖੇ ਹੋਸਟਲ, ਖੇਡ ਗਰਾਊਂਡ, ਲਾਇਬ੍ਰੇ.ਰੀ ਦੀ ਪੂਰੀ ਸੁਵਿਧਾ ਉਪਲਬਧ ਹੈ। ਇਸ ਸਮੇਂ ਦਾਖਲੇ ਦੀ ਪ੍ਰਕਿਰਿਆ ਚੱਲ ਰਹੀ ਹੈ ਅਤੇ ਪੰਜਾਬ ਸਰਕਾਰ ਦੇ ਇਸ ਉਦੱਮ ਨਾਲ ਨੌਜਵਾਨਾਂ ਨੂੰ ਤਕਨੀਕੀ ਸਿੱਖਿਆ ਪ੍ਰਾਪਤ ਕਰਨ ਦਾ ਸੁਪਨਾ ਪੂਰਾ ਹੋਵੇਗਾ।



publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008



# ਡਿਪਸ ਦੇ ਵਿਦਿਆਰਥੀਆਂ ਨੇ ਬਾਘ ਨੂੰ ਬਚਾਉਣ ਦਾ ਸੁਨੇਹਾ ਦਿੱਤਾ

**• ਜਲੰਧਰ**

ਵਿਸ਼ਵ ਟਾਈਗਰ ਦਿਵਸ ਮਨਾਉਂਦੇ ਹੋਏ ਡਿਪਸ ਸਕੂਲ ਦੇ ਬੱਚਿਆਂ ਨੇ ਮਿਲ ਕੇ ਟਾਈਗਰ ਨੂੰ ਬਚਾਉਣ ਦਾ ਸੁਨੇਹਾ ਦਿੱਤਾ। ਇਸ ਦੌਰਾਨ ਬੱਚਿਆਂ ਨੇ ਪੋਸਟਰ ਬਣਾਏ, ਰੰਗੋਲੀ, ਮਾਸਕ ਪਹਿਨੇ ਅਤੇ ਟਾਈਗਰ ਬਚਾਓ ਦੇ ਨਾਅਰੇ ਲਿਖੇ। ਵਿਦਿਆਰਥੀਆਂ ਨੇ ਦੱਸਿਆ ਕਿ ਬਾਘ ਵੱਖ-ਵੱਖ ਰੰਗਾਂ ਦਾ ਹੁੰਦਾ ਹੈ ਜਿਵੇਂ ਚਿੱਟਾ, ਚਿੱਟਾ ਕਾਲੀਆਂ ਧਾਰੀਆਂ ਵਾਲਾ ਅਤੇ ਭੂਰਾ ਅਤੇ ਸੁਨਹਿਰੀ ਟਾਈਗਰ। ਬਾਘ ਨੂੰ ਤੁਰਦਾ ਵੇਖਣਾ ਇੱਕ ਅਦਭੁਤ ਨਜ਼ਾਰਾ ਹੈ। ਇਨ੍ਹਾਂ ਗਤੀਵਿਧੀਆਂ ਰਾਹੀਂ ਬੱਚਿਆਂ ਨੇ ਆਪਣੇ ਸਹਿਪਾਠੀਆਂ ਨੂੰ ਟਾਈਗਰ ਨਾਲ ਸਬੰਧਤ ਤੱਥਾਂ ਤੋਂ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਜਾਣੂ ਕਰਵਾਇਆ। ਅਧਿਆਪਕਾਂ ਨੇ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰਦੇ ਹੋਏ ਦੱਸਿਆ ਕਿ ਦੁਨੀਆ ਦੇ 70 ਫੀਸਦੀ ਬਾਘ ਭਾਰਤ ਵਿੱਚ ਪਾਏ ਜਾਂਦੇ ਹਨ। ਭਾਰਤ ਵਿੱਚ ਪਾਏ ਜਾਣ ਵਾਲੇ ਬਾਘ ਮੁੱਖ ਤੌਰ 'ਤੇ ਬੰਗਲਾਦੇਸ਼, ਨੇਪਾਲ, ਭੂਟਾਨ ਚੀਨ ਅਤੇ ਮਿਆਂਮਾਰ ਵਿੱਚ ਪਾਏ ਜਾਂਦੇ ਹਨ ਪਰ ਹੁਣ ਇਨ੍ਹਾਂ ਦੀ ਗਿਣਤੀ ਵੀ ਘਟਦੀ ਜਾ ਰਹੀ ਹੈ। ਦੁਨੀਆ ਭਰ ਵਿੱਚ ਇਨ੍ਹਾਂ ਨੂੰ ਬਚਾਉਣ ਲਈ ਕਈ ਤਰ੍ਹਾਂ ਦੀਆਂ ਅੰਤਰਰਾਸ਼ਟਰੀ ਸੰਸਥਾਵਾਂ ਬਣਾਈਆਂ ਗਈਆਂ ਹਨ, ਨਾਲ ਹੀ ਉਨ੍ਹਾਂ ਦੇ ਸ਼ਿਕਾਰ ਅਤੇ ਬਾਘ ਦੇ ਸਰੀਰ ਦੇ ਅੰਗਾਂ ਜਿਵੇਂ ਕਿ ਹੱਡੀਆਂ, ਚਮੜੀ ਦੀ ਤਸਕਰੀ 'ਤੇ ਵੀ ਪਾਬੰਦੀ ਲਗਾਈ ਗਈ ਹੈ ਕਿਉਂਕਿ ਇਹ ਉਨ੍ਹਾਂ ਲਈ ਬਹੁਤ ਖ਼ਤਰੇ ਦਾ ਵਿਸ਼ਾ ਹੈ। ਪਿੰਸੀਪਲ ਮੋਨਿਕਾ ਸਚਦੇਵਾ ਨੇ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਕਰਵਾਉਣ ਦਾ ਮੁੱਖ ਮੰਤਵ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੈ, ਇਸ ਨਾਲ ਵਿਦਿਆਰਥੀ ਸਮਾਜ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਤੋਂ ਜਾਣੂ ਹੁੰਦੇ ਹਨ ਅਤੇ ਆਪਣੇ ਆਪ ਨੂੰ ਸਮਾਜ ਪ੍ਰਤੀ ਜ਼ਿੰਮੇਵਾਰ ਸਮਝਦੇ ਹਨ। ਸੀਈਓ ਮੋਨਿਕਾ ਮੰਡੋਤਰਾ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।





# ਵਿਧਾਇਕ ਮੁੰਡੀਆਂ ਵਲੋਂ ਹਲਕੇ 'ਚ ਪਾਰਕ ਦੇ ਨਿਰਮਾਣ ਕਾਰਜ਼ਾਂ ਦੀ ਸ਼ੁਰੂਆਤ

**• ਲੁਧਿਆਣਾ/ਸੁਖਚੈਨ ਮਹਿਰਾ**

ਸਾਫ ਸੁਥਰਾ ਅਤੇ ਹਰਿਆਵਲ ਭਰਿਆ ਵਾਤਾਵਰਣ ਮੁਹੱਈਆ ਕਰਾਉਣ ਦੇ ਮੰਤਵ ਨਾਲ, ਹਲਕਾ ਸਾਹਨੇਵਾਲ ਤੋਂ ਵਿਧਾਇਕ ਸ. ਹਰਦੀਪ ਸਿੰਘ ਮੁੰਡੀਆਂ ਵੱਲੋਂ ਈ-444 ਫੇਜ-6 ਫੋਕਲ ਪੁਆਇੰਟ ਦੇ ਸਾਹਮਣੇ ਪਾਰਕ ਦੇ ਨਿਰਮਾਣ ਕਾਰਜ਼ਾਂ ਦੀ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਵਿਧਾਇਕ ਮੁੰਡੀਆਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਦੀ ਰਹਿਨੁਮਾਈ ਹੇਠ ਅਤੇ ਮਾਣਯੋਗ ਕੈਬਨਿਟ ਮੰਤਰੀ ਸਥਾਨਕ ਸਰਕਾਰਾਂ ਅਤੇ ਸੰਸਦੀ ਮਾਮਲੇ ਸ. ਬਲਕਾਰ ਸਿੰਘ ਦੇ ਉੱਦਮ ਸਦਕਾ ਇਸ ਪ੍ਰੋਜੈਕਟ ਨੂੰ ਬੂਰ ਪਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਸਾਫ ਸੁਥਰਾ ਅਤੇ ਹਰਿਆਵਲ ਭਰਿਆ ਵਾਤਾਵਰਣ ਮੁਹੱਈਆ ਕਰਾਉਣ ਲਈ ਵਚਨਬੱਧ ਹੈ ਅਤੇ ਚੋਣਾਂ ਦੌਰਾਨ ਕੀਤਾ ਇੱਕ-ਇੱਕ ਵਾਅਦਾ ਪੂਰਾ ਕੀਤਾ ਜਾਵੇਗਾ। ਇਸ ਮੌਕੇ ਐਸ.ਈ. (ਬੀ. ਐਂਡ ਆਰ.) ਪ੍ਰਵੀਨ ਸਿੰਗਲਾ, ਐਸ.ਡੀ.ਓ. (ਬੀ. ਐਂਡ ਆਰ.) ਬਲਜਿੰਦਰ ਸਿੰਘ, ਪੀ.ਏ. ਰਣਜੀਤ ਸਿੰਘ ਸੈਣੀ, ਗੁਰਪਾਲ ਸਿੰਘ, ਪੰਕਜ਼ ਸ਼ਰਮਾ, ਅਨਿਲ ਗੁਪਤਾ, ਸੰਜੇ ਗੁਪਤਾ, ਸੰਜੀਵ ਗੁਪਤਾ, ਵਨੀਤ ਗੁਪਤਾ, ਵਰੁਣ ਗਰਗ, ਰਾਜੇਸ਼ ਮਿੱਤਲ, ਜੌਹਰ ਸਿੰਘ ਜੌਨੀ, ਸੁਰਜੀਤ ਸਿੰਘ ਗਰਚਾ, ਬਿੱਟੂ ਮੁੰਡੀਆਂ, ਬੱਬੂ ਮੁੰਡੀਆਂ, ਛਿੰਦਾ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਹਾਜ਼ਰ ਸਨ।



# 'ਗੀਤ ਢੋਲੀ' 'ਚ ਆਇਆ ਹੈਰਾਨੀਜਨਕ ਮੋੜ : ਕੀ ਗੀਤ, ਮਲਹਾਰ ਨੂੰ ਲੱਭ ਪਾਵੇਗੀ ਜਾਂ ਨਹੀਂ?




**• ਚੰਡੀਗੜ੍ਹ**

ਸ਼ੋਅ 'ਗੀਤ ਢੋਲੀ' ਵਿੱਚ ਗੀਤ ਨੇ ਮਹਿਰਾ ਪਰਿਵਾਰ ਦੇ ਸਾਹਮਣੇ ਐਲਾਨ ਕਰ ਦਿੱਤਾ ਹੈ ਕਿ ਸਮਰਾਟ, ਦਾਦੀ ਦੀ ਜਾਇਦਾਦ ਦਾ ਅਸਲ ਮਾਲਿਕ ਹੈ ਤੇ ਉਸਨੂੰ ਮਹਿਰਾ ਹਾਊਸ ਵਿੱਚ ਹਮੇਸ਼ਾਂ-ਹਮੇਸ਼ਾਂ ਦੇ ਲਈ ਰਹਿਣ ਲਈ ਕਹਿੰਦੀ ਹੈ। ਸ਼ੋਅ 'ਗੀਤ ਢੋਲੀ' ਦੀ ਕਹਾਣੀ ਵਿੱਚ ਹੁਣ ਸਿਮੌਨ, ਮਲਹਾਰ ਨੂੰ ਆਪਣੇ ਜਾਲ ਵਿੱਚ ਫਸਾ ਆਪਣੇ ਘਰ ਲਿਆਉਂਦੀ ਹੈ ਹੈ ਤੇ ਉਸਨੂੰ ਅਨਾਥ ਦਸਦੀ ਹੈ। ਇੱਕ ਤਰਫ਼ ਕਿਸਮਤ ਗੀਤ ਨੂੰ ਮਲਹਾਰ ਦੇ ਨਾਲ ਮਿਲਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਸਿਮੌਨ ਕਿਸੇ ਵੀ ਹਾਲਤ ਵਿੱਚ ਉਸਨੂੰ ਮਹਿਰਾ ਪਰਿਵਾਰ ਦੇ ਮੈਂਬਰਾਂ ਤੋਂ ਦੂਰ ਰੱਖਣ ਦਾ ਫੈਸਲਾ ਕਰਦੀ ਹੈ। ਅੱਜ ਅਸੀਂ ਦੇਖਾਂਗੇ ਕਿ ਗੀਤ ਢੋਲੀ ਦੀ ਕਹਾਣੀ ਇੱਕ ਨਵਾਂ ਮੋੜ ਲੈਣ ਜਾ ਰਹੀ ਹੈ ਜਿੱਥੇ ਸਿਮੌਨ, ਮਲਹਾਰ ਦੇ ਨਾਲ ਵਿਆਹ ਕਰਾਉਣ ਦਾ ਫੈਸਲਾ ਕਰਦੀ ਹੈ।

# ਐਸ.ਐਮ.ਓ. ਡਾ ਬਰਿਜੇਸ਼ ਵਲੋਂ ਐਸ ਐਚ ਸੀ ਗਾਹਲੜੀ ਡਿਸਪੈਂਸ਼ਰੀ ਦੀ ਅਚਨਚੇਤ ਕੀਤੀ ਚੈਕਿੰਗ ,ਸਮੂਹ ਸਟਾਫ ਹਾਜ਼ਰ

**• ਦੋਰਾਂਗਲਾ/ਰਾਕੇਸ਼ ਜੀਵਨ ਚੱਕ**

ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਰਾਮ ਮਾਂਡੀ ਜੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਐਸ ਐਮ ਓ ਡਾ ਬਰਿਜੇਸ਼ ਸਿੰਘ ਪੀ ਐਚ ਸੀ ਬਹਿਰਾਮਪੁਰ ਵਲੋਂ ਅੱਜ ਸਵੇਰੇ ਅਚਨਚੇਤ ਗਾਹਲੜੀ ਡਿਸਪੈਂਸ਼ਰੀ ਦੀ ਚੈਕਿੰਗ ਕੀਤੀ ਗਈ । ਚੈਕਿੰਗ ਦੌਰਾਨ ਸੀ ਐਚ ਓ ਡਾ ਦੀਪਕ ਕੁਮਾਰ,ਐਲ,ਐਚ ਵੀ ਸੁਰਿੰਦਰ ਕੌਰ,ਸਿਹਤ ਕਰਮਚਾਰੀ ਰਾਕੇਸ਼ ਕੁਮਾਰ ਆਪਣੀ ਡਿਊਟੀ ਤੇ ਹਾਜ਼ਰ ਪਾਏ ਗਏ ਅਤੇ ਉਹਨਾਂ ਦਾ ਕੰਮ ਵੀ ਤਸੱਲੀਬਖ਼ਸ਼ ਪਾਇਆ ਗਿਆ । ਇਸ ਸਮੇਂ ਐਸ ਐਮ ਓ ਡਾ ਬਰਿਜੇਸ਼ ਸਿੰਘ ਵਲੋਂ ਸਮੂਹ ਸਿਹਤ ਮੁਲਾਜ਼ਮਾਂ ਨੂੰ ਕਿਹਾ ਕਿ ਉਹ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਂਣ ਅਤੇ ਪੰਜਾਬ ਸਰਕਾਰ ਵਲੋਂ ਜੋ ਸਿਹਤ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ,ਉਹਨਾਂ ਸਹੂਲਤਾਂ ਨੂੰ ਲੋੜਵੰਦ ਲੋਕਾਂ ਤੱਕ ਪਹਿਲ ਦੇ ਆਧਾਰ ਤੇ ਪਹੁੰਚਾਉਂਣ।



DIPS IMT
DIPS INSTITUTE OF MANAGEMENT & TECHNOLOGY
DIPS INSTITUTIONS CHAIN OF DIPS INSTITUTIONS KNOWLEDGE IS POWER
RAMNEEK AVENUE, PATHANKOT BYE PASS JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

# ਨਿਸਾਨ ਗਲੋਬਲ ਈਵੀ ਦੀ ਵਿਕਰੀ 1 ਮਿਲੀਅਨ ਯੂਨਿਟਾਂ ਦੇ ਪਾਰ



**• ਚੰਡੀਗੜ੍ਹ**

ਨਿਸਾਨ ਮੋਟਰ ਕੰਪਨੀ ਲਿਮਟਿਡ ਨੇ ਅੱਜ ਐਲਾਨ ਕੀਤਾ ਹੈ ਕਿ ਉਸ ਨੇ 10 ਲੱਖ ਯੂਨਿਟ ਇਲੈਕਟ੍ਰਿਕ ਵਾਹਨਾਂ ਦੀ ਵਿਸ਼ਵਵਿਆਪੀ ਵਿਕਰੀ ਦਰਜ ਕੀਤੀ ਹੈ। ਦਸੰਬਰ 2010 ਵਿੱਚ ਇਸਦੀ ਸ਼ੁਰੂਆਤ ਤੋਂ ਲੈ ਕੇ, ਨਿਸਾਨ ਲੀਫ (L516) ਨੇ ਦੁਨੀਆ ਭਰ ਵਿੱਚ 650,000 ਤੋਂ ਵੱਧ ਯੂਨਿਟ ਵੇਚੇ ਹਨ। ਇਹ ਮਾਡਲ ਵਰਤਮਾਨ ਵਿੱਚ ਜਾਪਾਨ, ਅਮਰੀਕਾ ਅਤੇ ਯੂਰਪ ਵਿੱਚ ਲਗਭਗ 50 ਵੱਖ-ਵੱਖ ਬਾਜ਼ਾਰਾਂ ਵਿੱਚ ਵੇਚਿਆ ਜਾ ਰਿਹਾ ਹੈ। ਇਸ ਨੂੰ ਵੱਖ-ਵੱਖ ਬਾਜ਼ਾਰਾਂ ਵਿੱਚ ਕਈ ਵੱਕਾਰੀ ਪੁਰਸਕਾਰਾਂ ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।

2022 ਵਿੱਚ, ਨਿਸਾਨ ਆਪਣਾ ਆਲ-ਇਲੈਕਟ੍ਰਿਕ ਕਰਾਸਓਵਰ, ਨਿਸਾਨ ਅਰਿਆ ਵੇਚਣਾ ਸ਼ੁਰੂ ਕਰੇਗਾ। ਆਰੀਆ ਨਿਸਾਨ ਦੇ ਨਵੀਨਤਮ ਡਿਜ਼ਾਈਨ ਮੁਹਾਵਰੇ ਅਤੇ ਤਕਨਾਲੋਜੀਆਂ ਨੂੰ ਮਿਲਾਉਂਦਾ ਹੈ, ਜਿਵੇਂ ਕਿ e-DORCE ਆਲ ਵ?ਹੀਲ ਕੰਟਰੋਲ ਅਤੇ ਪ੍ਰੋਪਾਇਲਟ 2.0 ਐਡਵਾਂਸਡ ਡਰਾਈਵਰ ਸਪੋਰਟ। ਇਸ ਨੂੰ ਜਾਪਾਨ ਵਿੱਚ ਆਟੋ ਕਲਰ ਅਵਾਰਡ 2021 ਗ੍ਰਾਂ ਪ੍ਰੀ ਅਤੇ ਜਰਮਨੀ ਵਿੱਚ ਸਭ ਤੋਂ ਵਧੀਆ ਡਿਜ਼ਾਈਨ ਲਈ ਰੈੱਡ ਡਾਟ ਡਿਜ਼ਾਈਨ ਅਵਾਰਡ ਮਿਲਿਆ ਹੈ।

ਆਰੀਆ ਨੂੰ ਵਾਰਡ ਦੀ 10 ਬੈਸਟ ਇੰਟੀਰੀਅਰਸ ਅਤੇ ਯੂਐਕਸ ਸੂਚੀ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ 2022 ’ਚ ਨਿਸਾਨ ਨੇ ਜਾਪਾਨ ਦੇ ਮਿਨੀਵਹੀਕਲ ਬਾਜ਼ਾਰ ’ਚ ਪਹਿਲੀ ਈਵੀ ਲਾਂਚ ਕੀਤੀ ਸੀ। ਇਸ ਨੇ ਆਪਣੇ ਆਲੀਸ਼ਾਨ ਕੈਬਿਨ, ਸ਼ਕਤੀਸ਼ਾਲੀ, ਚੰਗੀ ਤਰ੍ਹਾਂ ਡਿਜ਼ਾਈਨ ਕੀਤੇ ਅੰਦਰੂਨੀ ਅਤੇ ਰੋਜ਼ਾਨਾ ਡਰਾਈਵਿੰਗ ਲਈ ਕਾਫ਼ੀ ਕਰੂਜ਼ਿੰਗ ਰੇਂਜ ਲਈ 50,000 ਤੋਂ ਵੱਧ ਯੂਨਿਟਾਂ ਦੇ ਆਰਡਰ ਪ੍ਰਾਪਤ ਕੀਤੇ ਹਨ।

ਰੋਜ਼ਾਨਾ ਲੋਕ ਬਾਣੀ

# ਪ੍ਰੀਸ਼ਦ ਮੈਂਬਰ ਅਪਣੇ ਪਰਿਵਾਰ ਦੇ ਸੁੱਖ-ਦੁੱਖ ਮੌਕੇ ਸੇਵਾ ਪ੍ਰੋਜੈਕਟ ਲਗਵਾਉਣ : ਬਿੱਟੂ ਬਾਦਲ





**• ਜੈਤੋ**

ਭਾਰਤ ਵਿਕਾਸ ਪ੍ਰੀਸ਼ਦ (ਮਹਿਲਾ ਵਿੰਗ) ਵੱਲੋਂ ਸ਼੍ਰੀ ਪੰਚਾਇਤੀ ਗਊਸ਼ਾਲਾ ਜੈਤੋ ਵਿੱਖੇ ਸਵਾਮਣੀ ਲਗਵਾਕੇ ਗਊ ਸੇਵਾ ਕੀਤੀ ਗਈ। ਉਪਰੋਕਤ ਵਿਸ਼ੇ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੀਸ਼ਦ ਦੇ ਪ੍ਰਚਾਰ ਸਕੱਤਰ ਸੁਰਿੰਦਰ ਗਰਗ (ਸੇਵਾਮੁਕਤ ਆਰ.ਏ.) ਨੇ ਦੱਸਿਆ ਕਿ ਗਊ-ਸੇਵਾ ਦਾ ਆਯੋਜਨ ਪ੍ਰੀਸ਼ਦ ਦੇ ਖਜ਼ਾਨਚੀ ਵਿਜੇ ਬਿਸ਼ਨੰਦੀ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਜਨਮ ਦਿਨ ਮੌਕੇ ਪ੍ਰੀਸ਼ਦ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ ਦੀ ਪ੍ਰੇਰਨਾ ਸਦਕਾ ਕੀਤਾ ਗਿਆ। ਪ੍ਰੋਜੈਕਟ-ਚੇਅਰਪਰਸਨ ਪ੍ਰਿਆ ਸਿੰਗਲਾ ਨੇ ਇਸ ਨੇਕ ਕਾਰਜ ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਅੱਗੇ ਦੱਸਿਆ ਕਿ ਪ੍ਰੀਸ਼ਦ ਪ੍ਰਧਾਨ ਸਾਰੇ ਮੈਂਬਰਾਂ ਨੂੰ ਹਰ ਸਮੇਂ ਪ੍ਰੇਰਦੇ ਰਹਿੰਦੇ ਹਨ ਕਿ ਸਾਰੇ ਮੈਂਬਰ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ, ਵਿਆਹ ਦੀ ਵਰ੍ਹੇਗੰਢ ਅਤੇ ਹੋਰ ਕਿਸੇ ਵੀ ਖ਼ੁਸ਼ੀ-ਗਮੀ ਮੌਕੇ ਕੋਈ ਨਾ ਕੋਈ ਸੇਵਾ ਕਾਰਜ ਜ਼ਰੂਰ ਕਰਨ। ਪ੍ਰੀਸ਼ਦ ਪ੍ਰਧਾਨ ਨੇ ਵਿਸ਼ਵਾਸ ਦਵਾਇਆ ਕਿ ਅਜਿਹੇ ਕੰਮਾਂ ਵਿੱਚ ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਪ੍ਰੀਸ਼ਦ ਮਹਿਲਾ ਵਿੰਗ ਦੀ ਪ੍ਰਧਾਨ ਰਿਸ਼ਮਾ ਗਰਗ, ਖਜ਼ਾਨਚੀ ਮਨੀਸ਼ਾ ਗਰਗ, ਪ੍ਰਚਾਰ-ਸਕੱਤਰ ਜਯੋਤੀ ਮੋਨੂੰ ਸ਼ਰਮਾ, ਸੀਨੀਅਰ ਮੀਤ ਪ੍ਰਧਾਨ ਅੰਜੂ ਸੁਨੀਤਾ ਕਾਂਸਲ, ਸਹਿ-ਸਕੱਤਰ ਰੀਮਾ ਗੋਇਲ, ਰਿੰਕਲ ਗੋਇਲ, ਕਿਰਨ ਸਿੰਗਲਾ, ਪ੍ਰਿਆ ਸਿੰਗਲਾ, ਮਮਤਾ ਜਿੰਦਲ ਅਤੇ ਗੀਨਾ ਗੋਇਲ ਬਾਦਲ ਹਾਜ਼ਰ ਸਨ। ਉਪਰੋਕਤ ਪ੍ਰੋਗਰਾਮ ਵਿੱਚ ਪ੍ਰਧਾਨ ਰਾਜੀਵ ਗੋਇਲ ਬਿੱਟੂ ਬਾਦਲ, ਸਕੱਤਰ ਪ੍ਰਹਿਲਾਦ ਰਾਏ ਅਗਰਵਾਲ, ਸੋਸਵਾ ਇੰਚਾਰਜ ਮੇਜਰ ਸਿੰਘ, ਸਹਿ ਸਕੱਤਰ ਕਸ਼ਮੀਰੀ ਲਾਲ ਘਣੀਆ, ਆਲ ਪ੍ਰੋਜੈਕਟ ਚੇਅਰਮੈਨ ਮੋਹਨ ਜਿੰਦਲ, ਮੋਨੂੰ ਸ਼ਰਮਾ ਟੈਂਟ, ਅੰਕੁਸ਼ ਮੋਨੂੰ ਸਿੰਗਲਾ, ਰਾਮ ਅਵਤਾਰ ਵਰਮਾ ਆਦਿ ਨੇ ਭਰਪੂਰ ਸਹਿਯੋਗ ਦਿੱਤਾ।

ਰੋਜ਼ਾਨਾ ਲੋਕ ਬਾਣੀ

# ਖੰਡ ਮਿੱਲ ਦੇ ਕੋ-ਜਨਰੇਸ਼ਨ ਪਾਵਰ ਪਲਾਂਟ ਦੀ ਸੁਆਹ ਵਿਰੁੱਧ ਜਿੱਤ ਲੋਕਾਂ ਦੇ ਸੰਘਰਸ਼ ਦੀ ਜਿੱਤ : ਦੀਪ

**• ਸ਼ਹੀਦ ਭਗਤ ਸਿੰਘ ਨਗਰ**

ਲੋਕ ਸੰਘਰਸ਼ ਮੰਚ ਨਵਾਂਸ਼ਹਿਰ ਨੇ ਸਥਾਨਕ ਸਹਿਕਾਰੀ ਖੰਡ ਮਿੱਲ ਵਿੱਚ ਨਿੱਜੀ ਕੰਪਨੀ ਦੇ ਚੱਲਦੇ ਕੋ-ਜਨਰੇਸ਼ਨ ਪਾਵਰ ਪਲਾਂਟ ਵਿੱਚੋਂ ਉੱਡਕੇ ਸ਼ਹਿਰ ਵਾਸੀਆਂ ਉੱਤੇ ਡਿੱਗਦੀ ਖਤਰਨਾਕ ਸੁਆਹ ਨੂੰ ਬੰਦ ਕਰਾਉਣ ਦਾ ਸਿਹਰਾ ਜਥੇਬੰਦਕ ਅਤੇ ਤਿੱਖੇ ਸੰਘਰਸ਼ਾਂ ਨੂੰ ਜਾਂਦਾ ਹੈ।ਇਹ ਸੁਆਹ ਬੰਦ ਕਰਾਉਣ ਲਈ ਨਵਾਂਸ਼ਹਿਰ ਵਾਸੀਆਂ ਅਤੇ ਆਸ-ਪਾਸ ਦੇ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਨੇ ਕਰੀਬ ਚਾਰ ਮਹੀਨੇ ਲੰਮਾ ਜਾਬਤਾਵੱਧ ਤਿੱਖਾ ਘੋਲ ਲੜਿਆ।ਅੱਜ ਲੋਕ ਸੰਘਰਸ਼ ਮੰਚ ਦੇ ਆਗੂਆਂ ਨੇ ਮਿੱਲ ਵਿੱਚ ਜਾਕੇ ਪਾਵਰ ਪਲਾਂਟ ਦੇ ਪ੍ਰਧਾਨ ਐਸ.ਬੰਦੋਉਪਾਧਿਆਏ ਨਾਲ ਮੁਲਾਕਾਤ ਕੀਤੀ ਜਿਸਨੇ ਦੱਸਿਆ ਕਿ ਉਹਨਾਂ ਨੇ ਪਾਵਰ ਪਲਾਂਟ ਨੂੰ ਪੰਜ ਦਿਨ ਚਲਾਕੇ ਦੇਖਿਆ ਹੈ ਇਹਨਾਂ ਟਰਾਇਲ ਵਿੱਚ ਸੁਆਹ ਨਹੀਂ ਉੱਡੀ।ਉਹਨਾਂ ਦੱਸਿਆ ਕਿ ਸੁਆਹ ਉੱਡਣੋ ਹਟਾਉਣ ਲਈ ਬੈੱਟਸਕਰੱਬਰ ਦੀ ਨਵੀਂ ਮਸ਼ੀਨਰੀ ਅਤੇ ਹੋਰ ਨਵੀਂ ਮਸ਼ੀਨਰੀ ਲਾਈ ਗਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸੁਆਹ ਨਹੀਂ ਡਿੱਗੇਗੀ।ਉਹਨਾਂ ਕਿਹਾ ਕਿ ਸੁਆਹ ਨੂੰ ਰੋਕਣ ਵਾਲੀ ਮਸ਼ੀਨਰੀ ਉੱਤੇ ਕੰਪਨੀ ਦਾ ਡੇਢ ਕਰੋੜ ਰੁਪੱਈਆ ਖਰਚ ਆਇਆ ਹੈ। ਮੰਚ ਦੀ ਮੀਟਿੰਗ ਗੁਰਦੁਆਰਾ ਮੰਜੀ ਸਾਹਿਬ ਨਵਾਂਸ਼ਹਿਰ ਵਿਖੇ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੰਚ ਦੇ ਕਨਵੀਨਰ ਜਸਬੀਰ ਦੀਪ ਨੇ ਕਿਹਾ ਕਿ ਸਰਾਇਆ ਕੰਪਨੀ ਲਿਮ: ਵਲੋਂ ਇਹ ਪਾਵਰ ਪਲਾਂਟ 2017 ਵਿੱਚ ਚਾਲੂ ਕੀਤਾ ਗਿਆ ਸੀ ਉਦੋਂ ਤੋਂ ਹੀ ਸ਼ਹਿਰ ਵਾਸੀਆਂ ਉੱਤੇ ਸੁਆਹ ਡਿੱਗਦੀ ਚਲੀ ਆ ਰਹੀ ਸੀ ਪਰ ਗੰਨਾ ਪਿੜਾਈ ਦੇ ਬੀਤੇ ਸੀਜ਼ਨ ਵਿੱਚ ਸੁਆਹ ਨੇ ਪਿੱਛਲੇ ਸਾਰੇ ਰਿਕਾਰਡ ਤੋੜ ਸੁੱਟੇ ਸੁਆਹ ਤੋਂ ਪੀੜਤ ਲੋਕਾਂ ਲਈ ਸੁਆਹ ਦਾ ਮਸਲਾ ਇਕ ਭੱਖਵਾਂ ਮੁੱਦਾ ਬਣ ਗਿਆ ।ਇਸਦੇ ਲਈ ਲੜਿਆ ਗਿਆ ਸੰਘਰਸ਼ ਅੰਤ ਜੇਤੂ ਹੋਕੇ ਨਿਕਲਿਆ।ਇਸ ਸੰਘਰਸ਼ ਵਿੱਚ ਹਰ ਵਰਗ ਨੇ ਯੋਗਦਾਨ ਪਾਇਆ।ਇਸ ਮੀਟਿੰਗ ਨੂੰ ਅਸ਼ਵਨੀ ਕੁਮਾਰ

## ਮੰਚ ਵਲੋਂ ਸਮਾਰਟ ਮੀਟਰਾਂ ਵਿਰੁੱਧ ਤਿੱਖੇ ਵਿਰੋਧ ਦਾ ਸੱਦਾ



ਰੋਜ਼ਾਨਾ ਲੋਕ ਬਾਣੀ

ਜੋਸ਼ੀ, ਸੋਹਨ ਸਿੰਘ ਸਲੇਮਪੁਰੀ, ਡਾਕਟਰ ਗੁਰਮਿੰਦਰ ਸਿੰਘ ਬਡਵਾਲ, ਵਿਵੇਕ ਮਾਰਕੰਡਾ, ਸਤੀਸ਼ ਕੁਮਾਰ ਲਾਲ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਸੁਤੰਤਰ ਕੁਮਾਰ, ਪਰਦੀਪ ਕੁਮਾਰ ਚਾਂਦਲਾਂ, ਹਰਮੇਸ਼ ਗੁਲੇਰੀਆ ਸਾਬਕਾ ਐਮ.ਸੀ, ਜਸਵਿੰਦਰ ਸਿੰਘ ਜੱਸੀ ਸਾਬਕਾ ਐਮ.ਸੀ, ਪਰਵੀਨ ਕੁਮਾਰ ਨਿਰਾਲਾ, ਬਲਵੀਰ ਕੁਮਾਰ ਆਗੂਆਂ ਨੇ ਸੰਬੋਧਨ ਕੀਤਾ।ਮੀਟਿੰਗ ਵਿੱਚ ਪਾਵਰਕੌਮ ਵਲੋਂ ਡਿਜੀਟਲ ਮੀਟਰਾਂ ਦੀ ਥਾਂ ਬਿਜਲੀ ਦੇ ਪ੍ਰੀਪੇਡ ਸਮਾਰਟ ਮੀਟਰ ਲਾਉਣ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਲੋਕਾਂ ਨੂੰ ਪਾਵਰਕੌਮ ਵਿਰੁੱਧ ਤਿੱਖੇ ਸੰਘਰਸ਼ ਦਾ ਸੱਦਾ ਦਿੱਤਾ ਗਿਆ।ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਦਾ ਇਹ ਕਦਮ ਮੁਫਤ ਅਤੇ ਸਸਤੀ ਬਿਜਲੀ ਯੋਜਨਾ ਦਾ ਭੋਗ ਪਾਉਣ ਵੱਲ ਕਦਮ ਹੈ।ਇਸ ਵਿੱਚ ਖਪਤਕਾਰ ਨੂੰ ਪਹਿਲਾਂ ਪੈਸੇ ਜਮ?ਹਾਂ ਕਰਾਉਣੇ ਪੈਣਗੇ ਬਿਜਲੀ ਦੀ ਵਰਤੋਂ ਬਾਅਦ ਵਿੱਚ ਹੋਵੇਗੀ।

